ੴ ਸਤਿਗੁਰ ਪ੍ਰਸਾਦਿ ॥

# "ਜਗਤੁ ਗੁਰੂ ਗੁਰੁ ਨਾਨਕ ਦੇਉ॥"

(ਭਾਈ ਗੁਰਦਾਸ ਜੀ)



## Sri Guru Nanak Dev Ji (1469-1539 A.D.)

**This portrait of Nirankari Guru Nanak Dev Ji is believed to have been painted by a Muslim artist in Baghdad, (Iraq)**

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਨਨਕਾਣਾ ਸਾਹਿਬ


**(ਸੰਖੇਪ ਇਤਿਹਾਸ)**

ਭਾਰਤ ਪੂਰਬੀ ਖਿੱਤੇ ਵਿਚੋਂ ਨਿਕਲ ਕੇ ਭੱਟੀ ਰਾਜਪੂਤਾਂ ਦੇ ਸਰਦਾਰ **ਰਾਵਲ ਜੱਸਲ** ਨੇ 1156 ਈ. ਵਿੱਚ, ਰਾਜਪੂਤਾਨੇ ਵਿੱਚ ਰਾਸ਼ਟਰੀ ਵਪਾਰਕ ਰਾਹ ਤੇ **ਤ੍ਰਿਕੂਟ ਪਹਾੜੀ** ਉਪਰ **ਜੈਸਲਮੇਰ ਨਾਮ ਦਾ ਕਿਲ੍ਹਾ** ਅਤੇ ਨਗਰ ਜਾ ਵਸਾਇਆ।
ਇਹ ਸ਼ਹਿਰ ਮਧ੍-ਏਸ਼ੀਆ ਤੇ ਹੋਰ ਦੇਸ਼ਾਂ ਦੇ ਵਪਾਰਕ ਰਾਹ ਤੇ ਹੋਣ ਕਰਕੇ, ਦਿੱਲੀ ਦੇ ਸੁਲਤਾਨ ਅਲਾਓਦੀਨ ਖਿਲਜੀ ਦਾ ਦਖਣੀ ਭਾਰਤ ਵੱਲੋਂ ਸਾਜੋ-ਸਾਮਾਨ ਇਸੇ ਰਸਤੇ ਹੀ ਆਉਂਦਾ ਜਾਂਦਾ ਸੀ। ਇਕ ਵਾਰ ਜੈਸਲਮੇਰ ਭੱਟੀ ਰਾਜਪੂਤਾਂ ਨੇ ਦਿੱਲੀ ਨੂੰ ਜਾ ਰਿਹਾ ਸ਼ਾਹੀ ਖਜ਼ਾਨਾ ਲੁੱਟ ਲਿਆ।
ਅਲਾਓਦੀਨ ਖਿਲਜੀ ਨੇ ਜੈਸਲਮੇਰ ਤੇ ਹੱਲਾ ਬੋਲ ਦਿੱਤਾ। ਗਹਿਗੱਚ ਲੜਾਈ ਵਿੱਚ ਰਾਜਪੂਤ ਬਹੁਤ ਬਹਾਦਰੀ ਨਾਲ ਲੜੇ, ਪਰ ਹਾਰ ਗਏ। ਅਲਾਉਦੀਨ, ਖਿਲਜੀ ਨੇ ਇਨ੍ਹਾਂ ਦੀ ਬਹਾਦੁਰੀ ਨੂੰ ਮੁੱਖ ਰਖਦਿਆਂ ਅਤੇ ਇਨ੍ਹਾਂ ਵੱਲੋਂ ਮੁਸਲਿਮ ਧਰਮ ਅਪਣਾ ਲੈਣ ਕਰਕੇ, ਉਤਰੀ ਭਾਰਤ ਵਿੱਚ, ਪੰਜਾਬ ਵਲੋਂ ਧਾੜਵੀਆਂ ਨੂੰ ਰੋਕਣ ਵਾਸਤੇ ਇਕ ਪੁਰਾਤਨ ਪਿੰਡ ਕੋਟਲੀ ਦੀ 150000 ਏਕੜ ਜਾਗੀਰ ਦੇ ਕੇ ਵਸਾ ਇੱਥੇ ਦਿੱਤਾ। 1380 ਈ. ਵਿੱਚ ਰਾਏ ਭੋਏ ਭੱਟੀ ਨੇ ਆਪਣੇ ਹਿੱਸੇ ਦੀ 37500 ਏਕੜ ਭੂਮੀ ਅਰਥਾਤ ਤਲ ਤੇ **'ਕੋਟਲੀ'** ਵਾਲੀ ਥਾਂ ਤੇ ਨਵਾਂ ਨਗਰ, **ਰਾਏ ਭੋਏ ਦੀ ਤਲਵੰਡੀ** ਵਸਾਇਆ। ਉਸ ਦੇ ਪੁੱਤਰ ਰਾਏ ਬੁਲਾਰ ਭੱਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨਿਨ ਸੇਵਕ ਹੋਣ ਤੇ ਨਾਤੇ ਇਸ ਨਗਰ ਦਾ ਨਾਮ **ਸ੍ਰੀ ਨਨਕਾਣਾ ਸਾਹਿਬ** ਰੱਖ ਦਿੱਤਾ।



ਰਾਏ ਬੁਲਾਰ ਭੱਟੀ


ਰਾਏ ਭੋਏ ਭੱਟੀ


ਪੁਰਾਤਨ ਨਗਰ ਕੋਟਲੀ, ਜਿਥੇ ਰਾਏ ਭੋਏ ਭੱਟੀ ਨੇ ਰਾਏ ਭੋਏ ਦੀ ਤਲਵੰਡੀ ਨਗਰ ਵਸਾਇਆ

# ਪ੍ਰਕਾਸ਼

"ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥" ਭਾਈ ਗੁਰਦਾਸ ਜੀ, ਵਾਰ -੧

ਸਰਵਸ੍ਰੇਸ਼ਟ ਸਿੱਖ ਧਰਮ ਦੇ ਉਸਰੀਏ, ਸਮੁੱਚੀ ਮਾਨਵਤਾ ਦੇ ਚਾਨਣ ਮੁਨਾਰੇ ਅਤੇ ਸਰਬ ਸਾਂਝੀਵਾਲਤਾ ਦੇ ਪਹਿਲੇ ਥੰਮ, ਸ੍ਰੀ ਗੁਰੂ ਨਾਨਕ ਦੇਵ ਜੀ, ਇਕ ਵੈਸਾਖ 1469 ਈ. ਰਾਤ ਦੇ ਸਤਵੇਂ ਪਹਿਰ ਦੇ ਮਧ ਵਿੱਚ ਰਾਇ ਭੋਇ ਦੀ ਤਲਵੰਡੀ (ਸ੍ਰੀ ਨਨਕਾਣਾ ਸਾਹਿਬ) ਵਿੱਚ ਬਾਬਾ ਕਾਲੂ ਜੀ, ਖੱਤਰੀ ਬੇਦੀ ਕੁਲ ਦੇ ਗ੍ਰਹਿ ਵਿਖੇ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ 'ਦੌਲਤਾਂ' ਦਾਈ (ਨਰਸ) ਦੀ ਨਿਗਰਾਨੀ ਵਿੱਚ ਪ੍ਰਕਾਸ਼ਮਾਨ ਹੋਏ। ਦੌਲਤਾਂ ਦਾਈ ਨੇ ਦੱਸਿਆ, "ਨੰਨੇ ਬਾਲਕ, ਨੇ ਰੋਣ ਦੀ ਥਾਂ ਮੁਸਕਰਾਉਂਦੇ ਹੋਏ, ਮਾਤ ਲੋਕ ਵਿੱਚ ਪ੍ਰਵੇਸ਼ ਕੀਤਾ ਹੈ। ਅਜਿਹੇ ਹੰਸੂ-ਹੰਸੂ ਕਰਦੇ ਨੂਰਾਨੀ ਮੁਖੜੇ ਦੇ ਆਪਣੀ ਹਯਾਤੀ ਵਿੱਚ ਪਹਿਲੀ ਵਾਰ ਦਰਸ਼ਨ ਕਰਕੇ ਮੈਂ ਧੰਨ ਹੋ ਗਈ ਹਾਂ।" ਨਾਨਕਿਆਂ, ਦਾਦਕਿਆਂ ਦੇ ਪ੍ਰਵਾਰਾਂ ਅਤੇ ਹੋਰ ਸਾਕ ਸਨਬੰਧੀਆਂ ਨੇ ਖੁਸ਼ੀਆਂ ਮਨਾਈਆਂ ਅਤੇ ਮਿਠਾਈਆਂ ਵੰਡੀਆਂ।



ਦੌਲਤਾਂ ਦਾਈ ਨਨ੍ਹੇ 'ਨਾਨਕ' ਦੀ ਸੰਭਾਲ ਕਰਨ ਲਈ ਮਾਤਾ ਤ੍ਰਿਪਤਾ ਜੀ ਕੋਲੋਂ ਲੈਂਦਿਆਂ ਹੋਇਆਂ




ਪੰਡਿਤ ਹਰਿਦਿਆਲ ਜੀ ਜਨਮ ਪੱਤਰੀ ਬਣਾਉਂਦਿਆਂ

ਪ੍ਰੰਪਰਾ ਗਤਿ, ਬਾਬਾ ਕਾਲੂ ਜੀ ਨੇ ਆਪਣੇ ਪਰੋਹਿੱਤ, ਪੰਡਿਤ ਹਰਿਦਿਆਲ ਜੀ ਨੂੰ ਪੁੱਤਰ ਦੀ ਜਨਮ ਪੱਤਰੀ ਬਨਾਉਣ ਲਈ ਸੱਦ ਭੇਜਿਆ। ਪੰਡਿਤ ਜੀ ਨੇ ਸ਼ੁੱਭ ਲਗਨ ਦੇਖ ਕੇ ਗ੍ਰਹਿ ਨਸ਼ੱਤਰਾਂ ਅਨੁਸਾਰ ਬਾਲਕ ਦਾ ਨਾਮ, 'ਨਾਨਕ ਦੇਵ' ਰੱਖਿਆ ਅਤੇ ਕਿਹਾ, "ਹੇ ਕਾਲੂ !" ਸੰਜੋਗ ਨਾਲ ਇਸ ਦੀ ਨਾਮ ਰਾਸ਼ੀ ਵੀ ਇਸ ਦੀ ਵੱਡੀ ਭੈਣ ਨਾਨਕੀ ਵਾਲੀ ਹੀ ਬਣਦੀ ਹੈ, ਦੋ ਪਵਿੱਤਰ ਆਤਮਾਵਾਂ ਦਾ ਤੁਹਾਡੇ ਘਰ ਵਿੱਚ ਯੋਗ ਹੈ ! ਮੈਂ ਬਹੁਤ ਵਿਚਾਰ ਕਰਨ ਉਪ੍ਰੰਤ ਹੀ ਨਾਨਕ ਨਾਮ ਰੱਖਿਆ ਹੈ। ਨਾਨਕ ਦੀ ਕੀਰਤੀ ਸਮੁੱਚੇ ਮਾਨਵ ਸਮਾਜ ਵਿੱਚ ਕਸਤੂਰੀ ਦੀ ਤਰਾਂ ਫੈਲੇਗੀ; ਇਹ ਤੇਜਸਵੀ ਪੁਰਸ਼ ਹੋਵੇਗਾ; ਸਰਬ ਬਖਸ਼ਿੰਦ ਹੋਵੇਗਾ; ਸਭ ਦਾ ਸਾਂਝਾ ਤੇ ਸਭਨਾਂ ਉੱਤੇ ਮਿਹਰਾਂ ਕਰਨ ਵਾਲਾ; ਸਭ ਦੀ ਸਹਾਇਤਾ ਕਰਨ ਵਾਲਾ ਤਥਾ ਮਾਤਲੋਕ ਵਿੱਚ ਸਭਨਾਂ ਤੋਂ ਉੱਚੀ ਮੱਤ ਵਾਲਾ ਹੋਵੇਗਾ।"



ਪਰਵਾਰ ਦੀਆਂ ਸੁਆਣੀਆਂ ਨਨ੍ਹੇ 'ਨਾਨਕ' ਨੂੰ ਨਿਹਾਰਦੇ ਹੋਏ।




ਗੁਰਦੁਆਰਾ ਪ੍ਰਕਾਸ਼ ਅਸਥਾਨ, ਸ੍ਰੀ ਗੁਰੂ ਨਾਨਕ ਦੇਵ ਜੀ

**ਨਾਨਕ ਜੀ ਪੰਜ ਸਾਲਾਂ ਦੇ ਹੋ ਗਏ।** ਹੁਣ ਉਹ ਆਪਣੇ ਹਾਣੀਆਂ ਨਾਲ ਖੇਡਣ ਲੱਗੇ। ਬੱਚਿਆਂ ਦੀਆਂ ਟੋਲੀਆਂ ਬਣਾ ਕੇ, ਗਿਆਨ ਗੋਸ਼ਟੀਆਂ ਕਰਦੇ। ਨਾਨਕ ਜੀ ਖੇਡ-ਖੇਡ ਵਿੱਚ ਜੀਵਨ ਜਾਚ ਦਸਦੇ ਰਹਿੰਦੇ। ਭਾਈਚਾਰਕ ਸਾਂਝ, ਪ੍ਰੇਮ ਪਿਆਰ, ਸਚਾਈ ਅਤੇ ਨਿਡਰਤਾ ਦਾ ਪਾਠ ਪੜ੍ਹਾਉਂਦੇ। ਨਾਨਕ ਜੀ ਤੋਂ ਬਿਨਾਂ ਸਾਰੇ ਖੇਲ ਅਧੂਰੇ ਹੁੰਦੇ। ਸਾਰੇ ਬੱਚੇ ਨਾਨਕ ਜੀ ਨੂੰ ਉਡੀਕਦੇ ਰਹਿੰਦੇ। ਨਾਨਕ ਜੀ ਘਰੋਂ ਲਿਆਂਦੀਆਂ ਖਾਣ ਦੀਆਂ ਚੀਜ਼ਾਂ ਸਾਰੇ ਬੱਚਿਆਂ ਵਿੱਚ ਵੰਡ ਕੇ ਪ੍ਰਸੰਨ ਹੁੰਦੇ।



ਨਾਨਕ ਜੀ ਆਪਣੇ ਹਾਣੀਆਂ ਨਾਲ



ਗੁਰਦੁਆਰਾ ਬਾਲ ਲੀਲਾ, ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)

(1) ਗੁਰੂ ਜੀ ਦੇ ਦਾਦਾ ਜੀ, ਸ੍ਰੀ ਸ਼ਿਵਰਾਮ ਜੀ ਬੇਦੀ, ਸੱਤ ਪੁਸ਼ਤਾਂ ਤੋਂ 'ਭਿੱਟੇ ਵਿਢ ਭੈਣੀ' ਪਿੰਡ, (ਚੋਲਾ ਸਾਹਿਬ ਦੇ ਕੋਲ ਜ਼ਿਲਾ ਤਰਨ ਤਾਰਨ) ਵਿੱਚ ਰਹਿੰਦੇ ਸਨ। ਰਾਏ ਭੋਏ ਭੱਟੀ,ਬੇਦੀ ਸ਼ਿਵਰਾਮ ਜੀ ਦਾ ਮਿੱਤਰ ਸੀ। ਜਦੋਂ ਉਸ ਨੇ ਤਲਵੰਡੀ ਨਗਰ ਵਸਾਇਆ ਤਾਂ ਉਹ ਸ਼ਿਵਰਾਮ ਜੀ ਨੂੰ ਵੀ ਅਪਣੇ ਨਾਲ ਲੈ ਗਿਆ ਅਤੇ ਉਨ੍ਹਾਂ ਨੂੰ ਜ਼ਮੀਨ ਦਾ ਬੰਦੋਬਸਤ ਕਰਨ ਤੇ ਲਗਾ ਦਿੱਤਾ। ਉਨ੍ਹਾਂ ਦੇ ਪੁੱਤਰ ਕਾਲੂ ਜੀ ਅਤੇ ਉਸ ਦਾ ਪੁੱਤਰ ਰਾਏ ਬੁਲਾਰ ਹਮ ਉੱਮਰ ਹੋਣ ਕਰਕੇ ਪੱਕੇ ਦੋਸਤ ਬਣ ਗਏ। ਪਿਤਾ ਦੀ ਮੌਤ ਉਪ੍ਰੰਤ ਰਾਏ ਬੁਲਾਰ ਜੀ ਨੇ ਕਾਲੂ ਜੀ ਨੂੰ ਮਹਿਤੇ ਦੀ ਪਦਵੀ ਦੇ ਕੇ ਜ਼ਮੀਨੀ ਬੰਦੋ ਬਸਤ ਦਾ ਕੰਮ ਸੌਂਪ ਦਿੱਤਾ।

(2) 'ਮਹਿਤਾ', ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ (ਪਿੰਡ ਦਾ ਮੁੱਖ ਅਧਿਕਾਰੀ, ਪ੍ਰਮੁੱਖ ਵਿਅਕਤੀ )

(3) ਅੱਜ ਕਲ 'ਭਿੱਟੇ ਵਿਢ ਭੈਣੀ,' ਪਿੰਡ ਵਿਖੇ ਗੁਰਦੁਵਾਰਾ ਡੇਰਾ ਸਾਹਿਬ ਸਸ਼ੋਬਤ ਹੈ। (ਹਵਾਲਾ: ਪੁਰਾਤਨ ਜਨਮ ਸਾਖੀ)

## ਵਿਦਿਆ ਪ੍ਰਾਪਤੀ



ਨਾਨਕ ਦੇਵ ਜੀ ਪਾਠਸ਼ਾਲਾ ਵਿੱਚ, ਤਲਵੰਡੀ

**7 ਸਾਲ ਦੀ ਉਮਰ ਵਿੱਚ** ਪਿਤਾ **ਕਾਲੂ ਜੀ** ਜੀ ਨੇ ਨਾਨਕ ਜੀ ਦੀ ਸਿਖਿਆ ਦਾ ਪ੍ਰਬੰਧ **ਪਿੰਡ ਵਿੱਚ ਹੀ ਪੰਡਿੱਤ ਗੋਪਾਲ ਦਾਸ ਦੀ** ਪਾਠਸ਼ਾਲਾ ਵਿੱਚ ਕਰ ਦਿੱਤਾ। ਨਾਨਕ ਦੇਵ ਜੀ ਦੇਵਨਾਗਰੀ ਲਿਪੀ ਸਿੱਖਣ ਲੱਗੇ। ਆਪ ਜੀ ਇਕ ਵਾਰ ਹੀ ਉਹ ਸਭ ਕੁਝ ਯਾਦ ਕਰ ਲੈਂਦੇ ਜੋ ਦੂਸਰੇ ਬੱਚਿਆਂ ਨੂੰ ਯਾਦ ਕਰਨ ਲਈ ਕਈ ਦਿਨ ਲੱਗ ਜਾਂਦੇ। ਪੰਡਿਤ ਜੀ ਨਾਨਕ ਦੇਵ ਜੀ ਦੀ ਸਿਆਣਪ ਤੋਂ ਬਹੁਤ ਪ੍ਰਭਾਵਿਤ ਹੋਏ।

ਇਕ ਦਿਨ ਨਾਨਕ ਜੀ ਨੇ ਕਿਹਾ, ਪੰਡਿਤ ਜੀ, **"ਤੁਸੀਂ ਮੈਨੂੰ ਜੋ ਅੱਖਰ ਸਿਖਾਏ ਹਨ ਉਨ੍ਹਾਂ ਦਾ ਅਰਥ ਬੋਧ ਵੀ ਦੱਸੋ?"** ਇਹ ਸੁਣ ਕੇ ਪੰਡਿਤ ਜੀ, ਹੈਰਾਨ ਹੋ ਗਏ ਅਤੇ ਸੋਚਣ ਲੱਗੇ ਕਿ ਮੇਰੇ ਤੋਂ ਅਜਿਹਾ ਕੁਝ ਅੱਜ ਤਕ ਕਿਸੇ ਵਿਦਿਆਰਥੀ ਨੇ ਨਹੀਂ ਪੁੱਛਿਆ।

ਉਨ੍ਹਾਂ ਕਿਹਾ, "ਬੇਟਾ ਨਾਨਕ, ਇਹ ਤਾਂ ਸਿਰਫ ਅੱਖਰ ਹਨ ਜੋ ਕਿ ਦੂਜੇ ਅੱਖਰਾਂ ਨਾਲ ਜੁੜ ਕੇ ਵਾਕ ਬਣਾਉਂਦੇ ਹਨ। ਹਾਂ! ਜੇ ਤੈਨੂੰ ਵਰਣਮਾਲਾ ਦੇ ਅਰਥ ਆਉਂਦੇ ਹਨ ਤਾਂ ਮੈਨੂੰ ਵੀ ਦੱਸ?"

ਨਾਨਕ ਜੀ ਨੇ ਅਲਾਹੀ ਫੁਰਮਾਣ ਉਚਾਰਨਾ ਆਰੰਭ ਕਰ ਦਿੱਤਾ।

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥ ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ॥੫॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ ੪੩੨)

ਜਦੋਂ ਮਨੁੱਖ ਦੇ ਕੇਸ ਬੁਡਾਪੇ ਦੇ ਕਾਰਣ ਬਿਨ੍ਹਾਂ ਸਾਬਣ ਲਾਉਣ ਦੇ ਚਿੱਟੇ ਹੋ ਜਾਂਦੇ ਹਨ ਭਾਵ ਬੁਢੇਪਾ ਆ ਜਾਂਦਾ ਹੈ ਤਾਂ ਜਮਦੂਤ ਆਉਂਦੇ ਹਨ ਅਤੇ ਮਨੁੱਖ ਨੂੰ ਪਕੜ ਕੇ ਲੈ ਜਾਂਦੇ ਹਨ। ਮਨੁੱਖ ਫਿਰ ਵੀ ਮਾਇਆ ਰੂਪੀ ਸੰਗਲਾਂ ਨਾਲ ਬਨਿਆਂ ਰਹਿੰਦਾ ਹੈ ਭਾਵ ਉੱਦੋਂ ਵੀ ਸੰਸਾਰੀ ਮਾਇਆ ਤੋਂ ਮੁਕਤ ਨਹੀਂ ਹੁੰਦਾ ਹੈ।

**ਪੰਡਿਤ ਜੀ** :- ਅੱਛਾ! ਠੀਕ ਹੈ। ਤੂੰ ਮੈਨੂੰ ਸਾਰੇ ਅੱਖਰਾਂ ਦੇ ਅਰਥ ਭਾਵ ਵੀ ਦੱਸ।

**ਨਾਨਕ ਜੀ** : "ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ॥

ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ॥੬॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੪੩੨)

**ਭਾਵ ਅਰਥ** :- ਜਗਤ ਦੇ ਮਾਲਿਕ ਨੇ ਸਵਾਸਾਂ ਦੀ ਪੂੰਜੀ ਦੇ ਕੇ ਸਾਰੇ ਸੰਸਾਰ ਨੂੰ ਆਪਣੇ ਹੁਕਮ ਅੰਦਰ ਰਖਿਆ ਹੋਇਆ ਹੈ। ਜੇ ਤੂੰ ਸੱਚਾ ਪੰਡਿਤ ਹੈਂ ਤਾਂ ਉਸ ਦੀ ਸਿਫਤ ਸਲਾਹ ਕਰਿਆ ਕਰ।

"ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ॥

ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ॥੭॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੪੩੨)

ਉਹ ਮਨੁੱਖ ਜਿਸ ਨੇ ਸਿਮਰਨ ਨਹੀਂ ਕੀਤਾ, ਪ੍ਰਭੂ ਬਾਰੇ ਕੇਵਲ ਗੱਲਾਂ ਹੀ ਕੀਤੀਆਂ ਹਨ। ਉਹ ਹੰਕਾਰੀ ਬੰਦਾ ਹੁੰਦਾ ਹੈ। ਜਿਸ ਨੇ ਸ੍ਰੀਰ ਰੂਪੀ ਭਾਂਡਾ ਬਨਾਇਆ ਹੈ ਅਤੇ ਇਸ ਜਗਤ ਨੂੰ ਭੱਠੇ (ਭਾਂਡੇ ਪਕਾਉਣ ਦੀ ਥਾਂ) ਦੇ ਰੂਪ ਵਿਚ ਤਿਆਰ ਕੀਤਾ ਹੈ। ਉਹ ਆਪ ਹੀ ਫੈਸਲਾ ਕਰਦਾ ਹੈ ਕਿ ਕਦੋਂ ਕਿਸ ਨੂੰ ਪਕਾਉਣ ਵਾਸਤੇ ਇਸ ਭੱਠੇ ਵਿੱਚ ਰਖਣਾ ਹੈ। ਭਾਵ ਕਿਸ ਨੂੰ ਜਨਮ-ਮਰਨ ਤੋਂ ਮੁਕਤ ਕਰਨਾ ਹੈ।

"ਘਘੈ ਘਾਲ ਸੇਵਕੁ ਜੇ ਘਾਲੈ ਸ਼ਬਦਿ ਗੁਰੂ ਕੈ ਲਾਗਿ ਰਹੈ। ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ॥੯॥"

'ਘ' ਅੱਖਰ ਕਹਿੰਦਾ ਹੈ ਕਿ ਜੇ ਜੀਵ ਅਕਾਲਪੁਰਖ ਵਿੱਚ ਅਭੇਦ ਹੋਣਾ ਲੋਚਦਾ ਹੈ ਤਾਂ ਉਹ ਆਪਣੀ ਸੁਰਤ, **'ਸ਼ਬਦਗੁਰੂ'**

ਵਿੱਚ ਜੋੜ ਕੇ ਸਿਮਰਨ ਕਰਕੇ ਅਤੇ ਗੁਰੂ ਉਪਦੇਸ਼ ਨੂੰ ਮੰਨਦੇ ਹੋਏ ਬੁਰੇ ਭਲੇ ਨੂੰ ਇਕ ਸਮਾਨ ਸਮਝੇ, ਉਹ ਮਨੁੱਖ ਹੀ ਕਰਤਾ ਪੁਰਖ ਦੀ ਲੀਲਾ ਨੂੰ ਜਾਣ ਸਕਦਾ ਹੈ।

ਇਸ ਪ੍ਰਕਾਰ ਨਾਨਕ ਜੀ ਨੇ ਸਾਰੀ ਦੇਵ ਨਾਗਰੀ ਵਰਣਮਾਲਾ ਦੇ ਅਧਿਆਤਮਿਕ ਅਰਥ ਕਰ ਦਿੱਤੇ। ਗੋਪਾਲਦਾਸ ਪੰਡਿਤ, ਨਾਨਕ ਦੇਵ ਜੀ ਤੋਂ ਬਹੁਤ ਪ੍ਰਭਾਵਿਤ ਹੋਏ ਉਨ੍ਹਾਂ ਨੇ ਪੁੱਛਿਆ **"ਬੇਟਾ ਇਹ ਵਿਦਿਆ ਤੁਸੀਂ ਕਿੱਥੋਂ ਸਿੱਖੀ ਹੈ?"** ਨਾਨਕ ਜੀ ਸ਼ਾਂਤ ਰਹੇ। ਪੰਡਿਤ ਜੀ ਨੇ ਕਿਹਾ, **"ਬੇਟਾ ਨਾਨਕ, ਕਲ੍ਹ ਤੁਸੀਂ ਆਪਣੇ ਨਾਲ ਆਪਣੇ ਪਿਤਾ ਜੀ ਨੂੰ ਮੇਰੇ ਕੋਲ ਲੈ ਕੇ ਆਉਣਾ।"**

ਜਦ ਨਾਨਕ ਦੇ ਪਿਤਾ ਜੀ ਪੰਡਿਤ ਗੋਪਾਲਦਾਸ ਕੋਲ ਆਏ ਤਾਂ ਪੰਡਿਤ ਜੀ ਨੇ ਆਦਰ ਸਤਿਕਾਰ ਨਾਲ ਕਿਹਾ,

"ਕਾਲੂ ਜੀ, ਤੁਹਾਡਾ ਹੋਣਹਾਰ ਬਾਲਕ ਮੇਰੇ ਕੋਲ ਪੜ੍ਹ ਰਿਹਾ ਹੈ ਇਸ ਲਈ ਮੈਂ ਮਾਣ ਮਹਿਸੂਸ ਕਰਦਾ ਹਾਂ ਪਰ ਮੈਂ ਇਸ ਬਾਲਕ ਨੂੰ ਪੜ੍ਹਾਉਣ ਵਿੱਚ ਅਸਮਰੱਥ ਰਿਹਾ ਹਾਂ। ਉਲਟਾ ਇਸ ਨੇ ਮੈਨੂੰ ਪੜ੍ਹਾ ਛੱਡਿਆ ਹੈ।

"ਕਾਲੂ ਜੀ, – ਪੰਡਿਤ ਜੀ, ਤੁਸੀਂ ਗੱਲ ਨੂੰ ਘੁਮਾ ਫਿਰਾ ਕੇ ਕਿਉਂ ਕਹਿ ਰਹੇ ਹੋ। ਸਾਫ-ਸਾਫ ਕਹੋ । ਮੇਰੀ ਸਮਝ ਵਿੱਚ ਕੁਝ ਨਹੀਂ ਆਇਆ। ਸੱਚੋ-ਸੱਚ ਦੱਸੋ ਕਿ ਨਾਨਕ ਤੋਂ ਤੁਹਾਨੂੰ ਕੋਈ ਸ਼ਿਕਾਇਤ ਹੈ?

**ਪੰਡਿਤ ਜੀ–** ਜੀ ਨਹੀਂ, ਏਦਾਂ ਦਾ ਕੁਝ ਨਹੀਂ। ਅਸਲ ਵਿੱਚ ਮੈਂ ਇਸ ਦੀ ਸਿਆਣਪ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਇਸ ਲਈ ਮੈਂ ਚਾਹੁੰਦਾ ਹਾਂ ਕਿ ਮੇਰੇ ਤੋਂ ਜ਼ਿਆਦਾ ਗਿਆਨਵਾਨ ਅਧਿਆਪਕ ਤੋਂ ਇਸ ਨੂੰ ਵਿਦਿਆ ਦੁਆਈ ਜਾਵੇ।

ਉਸ ਦਿਨ ਤੋਂ ਬਾਅਦ ਪੰਡਿਤ ਜੀ ਅਤੇ ਨਾਨਕ ਦੇਵ ਜੀ ਦੇ ਵਿੱਚ ਅਧਿਆਪਕ-ਵਿਦਿਆਰਥੀ ਦਾ ਰਿਸ਼ਤਾ ਨਾ ਰਹਿ ਕੇ ਮਿੱਤ੍ਰਤਾ ਅਤੇ ਸਮਾਨਤਾ ਦਾ ਨਵਾਂ ਰਿਸ਼ਤਾ ਬਣ ਗਿਆ। ਹੁਣ, ਨਾਨਕ ਦੇਵ ਜੀ ਅਤੇ ਪੰਡਿਤ ਜੀ ਵਿੱਚ ਹਰ ਰੋਜ ਅਧਿਆਤਮਿਕ ਵਿਚਾਰਾਂ ਹੋਣ ਲੱਗ ਪਈਆਂ। ਅਕਸਰ ਨਾਨਕ ਜੀ ਯਥਾਰਥ ਵਾਦ ਦੀਆਂ ਗੱਲਾਂ ਕਰਦੇ।
ਇਸ ਪ੍ਰਕਾਰ ਨਾਨਕ ਦੇਵ ਜੀ ਨੇ ਪੰਡਿਤ ਜੀ ਵੱਲੋਂ ਦਿੱਤੀ ਜਾਣ ਵਾਲੀ ਵਿਦਿਆ 2 ਸਾਲ ਵਿੱਚ ਹੀ ਪੂਰੀ ਕਰ ਲਈ।



ਗੁਰਦੁਆਰਾ ਪੱਟੀ ਸਾਹਿਬ, ਇਸ ਥਾਂ ਤੇ ਨਾਨਕ ਜੀ ਪਾਂਧੇ ਕੋਲੋਂ ਸਿੱਖਿਆ ਪ੍ਰਾਪਤ ਕੀਤੀ

**ਸੰਸਕ੍ਰਿਤ ਪੜਨਾ:** ਸੰਸਕ੍ਰਿਤ ਪੜਨ ਲਈ ਨਾਨਕ ਜੀ ਨੂੰ **ਪੰਡਿਤ ਬ੍ਰਿਜ ਲਾਲ ਜੀ** ਕੋਲ ਭੇਜ ਦਿੱਤਾ ਗਿਆ। ਪਡਿੰਤ ਜੀ ਨੇ ੳਁ ਲਿੱਖ ਕੇ ਯਾਦ ਕਰਨ ਲਈ ਆਖਿਆ। ਅਗਲੇ ਦਿਨ ਨਾਨਕ ਦੇਵ ਜੀ ਨੇ ਪੰਡਿਤ ਜੀ ਪਾਸੋਂ ਇਸ ਸ਼ਬਦ ਦੇ ਅਰਥ ਪੁੱਛੇ। ਪੰਡਿਤ ਜੀ ਨੇ ਕਿਹਾ, "ਅਜੇ ਇਸ ਅਖ਼ਰ ਨੂੰ ਬੋਲ-ਬੋਲ ਕੇ ਯਾਦ ਕਰਦੇ ਅਤੇ ਲਿਖਦੇ ਜਾਓ। ਅਰਥਾਂ ਦੀ ਲੋੜ ਨਹੀਂ। ਨਾਨਕ ਨੇ ਕਿਹਾ, "ਬਿਨਾਂ ਅਰਥਾਂ ਤੋਂ ਪੜ੍ਹਨਾ ਜਾਂ ਲਿਖਣਾ ਵਿਅਰਥ ਹੁੰਦਾ ਹੈ।" ਪੰਡਿਤ ਜੀ ਦੇ ਨਾਂਹ-ਨੁੱਕਰ ਕਰਨ ਤੇ ਨਾਨਕ ਜੀ ਨੇ ਤੁਰੰਤ ਹੀ ਇਹ ਅਲਾਹੀ ਬਾਣੀ ਕਹਿ ਸੁਣਾਈ:-


ਨਾਨਕ ਜੀ ਪੰਡਿਤ ਬ੍ਰਿਜ ਲਾਲ ਜੀ ਕੋਲ

"ਓਅੰਕਾਰਿ ਬ੍ਰਹਮਾ ਉਤਪਤਿ ॥ਓਅੰਕਾਰੁ ਕੀਆ ਜਿਨਿ ਚਿਤਿ ॥ਓਅੰਕਾਰਿ ਸੈਲ ਜੁਗ ਭਏ ॥ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥ਓਅੰਕਾਰਿ ਗੁਰਮੁਖਿ ਤਰੇ ॥ਓ ਨਮ ਅਖਰ ਸੁਣਹੁ ਬੀਚਾਰੁ ॥ਓ ਨਮ ਅਖਰੁ ਤ੍ਰਿਭਵਣ ਸਾਰੁ ॥੧॥
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ਰਹਾਉ" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ - ੯੨੯)

ਇਸ ਤਰ੍ਹਾਂ ਨਾਨਕ ਦੇਵ ਜੀ ਦੀ ਸੰਸਕ੍ਰਿਤ ਭਾਸ਼ਾ ਦੀ ਵਿਦਿਆ ਵੀ 2 ਸਾਲਾਂ ਵਿੱਚ ਸੰਪੂਰਨ ਹੋ ਗਈ।

## ਜਨੇਊ ਦੀ ਰਸਮ

ਜਦੋਂ ਨਾਨਕ ਦੇਵ ਜੀ ਗਿਆਰਾਂ ਸਾਲ ਦੀ ਉਮਰ ਦੇ ਹੋਏ ਤਾਂ ਪਿਤਾ ਕਾਲੂ ਜੀ ਨੇ, **'ਕੁੱਲ-ਰੀਤ'** ਅਨੁਸਾਰ ਨਾਨਕ ਦੇਵ ਜੀ ਨੂੰ ਜਨੇਊ ਧਾਰਣ ਕਰਾਉਣ ਦੀ ਰਸਮ ਲਈ, ਇਕ ਸਮਾਗਮ ਰਚਾਇਆ। ਜਿਸ ਵਿੱਚ **ਕੁੱਲ- ਪੁਰੋਹਿੱਤ ਪੰਡਿਤ ਹਰਿਦਿਆਲ ਜੀ** ਆਏ। ਜਨੇਊ ਦੀਆਂ ਸਾਰੀਆਂ, ਸ਼ਾਸਤ੍ਰਾਂ ਦੁਆਰਾ ਦੱਸੀਆਂ ਵਿਧੀਆਂ ਪੂਰੀਆਂ ਕਰਨ ਉਪਰੰਤ ਪੁਰੋਹਿਤ ਜੀ, ਨਾਨਕ ਦੇਵ ਜੀ ਨੂੰ ਜਨੇਊ ਪਾਉਣ ਲਈ ਜਦੋਂ ਅੱਗੇ ਵਧੇ ਤਾਂ ਨਾਨਕ ਜੀ ਨੇ ਉਨ੍ਹਾਂ ਦਾ ਹੱਥ ਫੜ ਲਿਆ ਅਤੇ ਪੁੱਛਣ ਲੱਗੇ, ਪੰਡਿਤ ਜੀ, ਤੁਸੀਂ ਮੈਨੂੰ ਜੋ **ਇਹ ਧਾਗੇ ਦਾ ਜਨੇਊ** ਪਾਉਣ ਲੱਗੇ ਹੋ, ਇਸ ਦਾ ਮੈਨੂੰ ਕੀ ਫਾਇਦਾ ਹੋਵੇਗਾ?

ਪੰਡਿਤ ਜੀ ਬਹੁਤ ਹੈਰਾਨ ਹੋਏ। ਕਿਉਂਕਿ ਅੱਜ ਤੱਕ ਉਨ੍ਹਾਂ ਪਾਸੋਂ ਕਿਸੇ ਨੇ ਵੀ ਇੱਦਾਂ ਦਾ ਸੁਆਲ ਨਹੀਂ ਸੀ ਪੁੱਛਿਆ।

**ਪੰਡਿਤ ਜੀ** ਸ਼ਾਸਤ੍ਰਾਂ ਅਨੁਸਾਰ, ਜਨੇਊ ਧਾਰਨ ਕਰਨ ਦੀ ਵਿਆਖਿਆ ਕਰਨ ਲੱਗੇ ਕਿ ਇਹ ਧਾਗਾ ਨਹੀਂ ਇਹ ਤਿੰਨ ਸੂਤ੍ਰੀ, ਤ੍ਰੀਮੂਰਤੀ **(ਬ੍ਰਹਮਾ, ਵਿਸ਼ਨੂੰ, ਮਹੇਸ਼)** ਅਰਥਾਤ **ਰਜੋ, ਤਮੋ, ਸਤੋ** ਗੁਣਾਂ ਦਾ ਪ੍ਰਤੀਕ ਹੁੰਦਾ ਹੈ। ਇਹ ਉੱਚੀ ਜਾਤਿ ਦੇ ਹਿੰਦੂਆਂ ਦੀ ਨਿਸ਼ਾਨੀ ਹੁੰਦੀ ਹੈ। ਜਨੇਊ ਧਾਰਣ ਕਰ ਲਵੋਗੇ ਤਾਂ ਪਵਿੱਤਰ ਹੋ ਜਾਓਗੇ। ਇਹ ਜਨੇਊ ਅਗਲੇ ਜਹਾਨ ਵਿੱਚ ਵੀ ਤੁਹਾਡੀ ਸਹਾਇਤਾ ਕਰੇਗਾ।


ਅਸਲ ਜਨੇਊ ਬਾਰੇ ਦਸਦਿਆਂ

ਨਾਨਕ ਦੇਵ ਜੀ ਪੰਡਿਤ ਜੀ ਨਾਲ ਸਹਿਮਤ ਨਹੀਂ ਹੋਏ ਅਤੇ ਕਹਿਣ ਲੱਗੇ, "ਪੰਡਿਤ ਜੀ, ਤੁਸਾਂ ਜਨੇਊ ਦੇ ਬਹੁਤ ਸਾਰੇ ਗੁਣ ਦੱਸੇ ਹਨ। ਪਰ ਮੇਰੇ ਵਿਚਾਰ ਨਾਲ ਤਾਂ **ਇਹ ਧਾਗਾ ਸਮਾਜ ਵਿੱਚ ਵੰਡੀਆਂ** ਪਾ ਕੇ ਮਤਭੇਦ ਪੈਦਾ ਕਰਦਾ ਹੈ ਅਤੇ **ਮਨੁੱਖਤਾ ਦਾ ਵਰਗੀਕਰਣ** ਕਰਕੇ, ਬਿਨਾਂ ਕਿਸੇ ਆਧਾਰ ਤੋਂ, **ਕਿਸੇ ਨੂੰ ਨੀਚ ਕਿਸੇ ਨੂੰ ਉੱਚਾ** ਹੋਣ ਦਾ ਭਰਮ ਪੈਦਾ ਕਰਦਾ ਹੈ, ਇਹ **ਭੈਣ-ਭਰਾ,** ਮਨੁੱਖ ਤੇ **ਇਸਤਰੀ** ਵਿੱਚ ਵੀ **ਵਖਰੇਵਾਂ** ਖੜਾ ਕਰਦਾ ਹੈ ਕਿਉਂਕਿ **ਇਸਤਰੀ ਨੂੰ ਜਨੇਊ ਪਹਿਨਣ ਦਾ ਹੱਕ** ਨਾ ਦੇ ਕੇ ਉਸ ਨੂੰ **ਪੁਰਖਾਂ ਨਾਲ ਬਰਾਬਰੀ** ਦੇ ਹੱਕ ਤੋਂ **ਵਾਂਝਾ** ਕਰਦਾ ਹੈ।

ਪੰਡਿਤ ਜੀ, ਤੁਸਾਂ ਨੇ ਕਿਹਾ ਹੈ ਕਿ ਇਹ ਧਾਗਾ ਉੱਚੀ ਜਾਤਿ ਦੀ ਨਿਸ਼ਾਨੀ ਹੈ। **ਉੱਚੀ ਜਾਤਿ ਵਾਲਾ ਤਾਂ ਉਹ ਮਨੁੱਖ ਹੁੰਦਾ ਹੈ, ਜੋ ਉੱਚੇ ਸੁੱਚੇ ਅਤੇ ਨੇਕ ਕੰਮ ਕਰਦਾ ਹੋਵੇ। ਨੀਚ ਉਹ ਹੈ, ਜਿਸ ਦੇ ਕੰਮ ਨੀਚ ਅਤੇ ਬੁਰੇ ਹਨ।** ਪ੍ਰਭੂ ਦੇ ਦਰਬਾਰ ਵਿੱਚ ਚੰਗੇ-ਮਾੜੇ ਕੰਮ ਹੀ ਉੱਚੀ-ਨੀਵੀਂ ਜਾਤਿ ਦੀ ਪੱਕੀ ਨਿਸ਼ਾਨੀ ਮੰਨੇ ਜਾਂਦੇ ਹਨ। ਇਹ ਧਾਗਾ ਤਾਂ ਕੱਚਾ ਹੈ, ਮੈਲਾ ਹੋ ਜਾਏਗਾ ਅਤੇ ਨਵਾਂ ਧਾਗਾ ਪਾਉਣਾ ਪਵੇਗਾ। ਇਸ ਨਿਗੂਣੇ ਧਾਗੇ ਨੇ ਕਿਸੇ ਨੂੰ ਕੀ ਮਾਣ ਦੁਆ ਸਕਣਾ ਹੈ । **ਅਸਲ ਮਾਣ-ਸਨਮਾਨ ਤਾਂ ਨੇਕ ਕਮਾਈ ਕਰਨ ਨਾਲ ਮਿਲਦਾ ਹੈ।**

ਤੁਸਾਂ ਕਿਹਾ ਹੈ ਕਿ ਜਨੇਊ ਅਗਲੇ ਜਨਮ ਵਿੱਚ ਵੀ ਸਹਾਈ ਹੋਵੇਗਾ। ਅੰਤਿਮ ਸਮੇਂ ਸ੍ਰੀਰ ਜਲੇਗਾ ਤਾਂ ਧਾਗਾ ਕਿਵੇਂ ਬਚੇਗਾ।

ਇਸ ਲਈ ਕਿਰਪਾ ਕਰਕੇ ਮੈਨੂੰ ਐਦਾਂ ਦਾ ਧਾਗਾ ਪਾਓ ਜੋ ਹਰ ਹਾਲ ਵਿੱਚ ਮੇਰੇ ਨਾਲ ਰਹੇ। ਜੋ ਅਗਲੇ ਜਹਾਨ ਵਿੱਚ ਵੀ ਮੇਰੀ ਰਖਿਆ ਕਰੇ। ਜੇਕਰ ਏਦਾਂ ਦਾ ਜਨੇਊ ਤੁਸਾਂ ਦੇ ਕੋਲ ਹੈ ਤਾਂ ਤੁਸੀਂ ਉਹ ਬਿਨਾ ਝਿੱਜਕ ਮੈਨੂੰ ਪਾ ਸਕਦੇ ਹੋ"।

"ਨਾਨਕ ਦੇਵ ਜੀ ਦੀ ਵਿਚਾਰਧਾਰਾ ਬਿਲਕੁਲ ਸਪਸ਼ਟ ਹੈ।" ਇਹ ਗੱਲ, ਪੰਡਿਤ ਹਰਿਦਿਆਲ ਜੀ ਨੇ ਕਹੀ ! ਅਤੇ ਉਸ ਦੀ ਸਮਝ ਵਿੱਚ ਵੀ ਆ ਗਈ। ਅਸਲ ਵਿੱਚ ਉਨ੍ਹਾਂ, ਨਾਨਕ ਦੇਵ ਜੀ ਦੀ ਜਨਮ ਪੱਤਰੀ ਬਣਾਉਣ ਵੇਲੇ ਨਖਸ਼ਤਰਾਂ ਤੋਂ ਹੀ ਜਾਣ ਲਿਆ ਸੀ ਕਿ ਇਹ ਬਾਲਕ ਕੋਈ ਪ੍ਰਾਕ੍ਰਮੀ, ਤੇ ਤੇਜ ਪ੍ਰਤਾਪੀ ਪੁਰਖ ਬਣੇਗਾ। ਇਸ ਲਈ ਪੰਡਿਤ ਜੀ ਨੇ ਬਹੁਤ ਸ਼ਾਂਤਿ ਮਈ ਹੋ ਕੇ ਕਿਹਾ, "ਬੇਟਾ ਨਾਨਕ, ਤੂੰ ਹੀ ਸਾਨੂੰ ਦੱਸ ਕਿ ਜਨੇਊ ਕਿਹੋ ਜਿਹਾ ਪਾਉਣਾ ਚਾਹੀਦਾ ਹੈ?"

ਤਾਂ ਨਾਨਕ ਜੀ ਨੇ ਅਲਾਹੀ ਫੁਰਮਾਨ ਕਹਿ ਸੁਣਾਇਆ, "ਸਭ ਤੋਂ ਪਹਿਲਾਂ ਦਇਆ ਰੂਪੀ ਕਪਾਹ ਲਓ, ਉਸ ਦਾ ਸੰਤੋਖ ਰੂਪੀ ਸੂਤ ਕੱਤੋ, ਉਸ ਨੂੰ ਸਚਾਈ ਦਾ ਵੱਟ ਝੜ੍ਹਾਓ, ਫਿਰ ਉਸ ਨੂੰ ਜਤਿ ਦੀਆਂ ਗੰਢਾਂ ਦਿਉ। ਇਸ ਤਰ੍ਹਾਂ ਦਾ ਜਨੇਊ, ਜਿਸ ਵਿੱਚ ਦਇਆ, ਸਚਾਈ ਆਦਿ ਕਰਮ ਹੋਵਨ, ਉਹ ਮੇਰੇ ਗੱਲ ਵਿੱਚ ਪਾਓ, ਇਸ ਤਰ੍ਹਾਂ ਦਾ ਜਨੇਊ ਕਦੇ ਵੀ ਪੁਰਾਣਾ ਨਹੀਂ ਹੋਵੇਗਾ, ਨਾ ਟੁੱਟੇਗਾ, ਨਾ ਜਲੇਗਾ। ਜੇਕਰ ਕੋਈ ਪੁਰਖ ਇਸ ਤਰ੍ਹਾਂ ਦਾ ਜਨੇਊ ਧਾਰਣ ਕਰ ਲੈਂਦਾ ਹੈ ਤਾਂ ਉਹ ਧੰਨਤਾ ਦੇ ਯੋਗ ਹੋ ਜਾਂਦਾ ਹੈ।"

ਫਿਰ ਉਨ੍ਹਾਂ ਨੇ ਇਸ ਪ੍ਰਥਾਏ ਅਲਾਹੀ ਬਾਣੀ ਉਚਾਰਨ ਕਰਕੇ ਆਪਣੇ ਵਿਚਾਰਾਂ ਦੀ ਪ੍ਰੋੜਤਾ ਕੀਤੀ।

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥ ਮ: ੧॥ ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥ ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ॥ ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ - ੪੭੧)

**ਪੰਡਿਤ ਹਰਿਦਿਆਲ ਜੀ:-** ਜਜਮਾਨ ਕਾਲੂ ਜੀ, "ਨਾਨਕ ਦੇਵ ਦੀ ਗੱਲ ਵਿੱਚ ਸਚਾਈ ਹੈ। ਅਸੀਂ ਤਾਂ ਐਵੇਂ ਹੀ ਕਰਮਕਾਂਡ ਕਰੀ ਜਾ ਰਹੇ ਹਾਂ। ਜੇਕਰ ਜਨੇਊ ਧਾਰਨ ਕਰਨ ਦੇ ਬਾਅਦ ਵੀ ਬੰਦੇ ਦੀ ਅੰਤਰ-ਆਤਮਾ ਸ਼ੁੱਧ ਨਹੀਂ ਹੁੰਦੀ ਤਾਂ ਬਾਹਰੀ ਵਿਖਾਵੇ ਤੋਂ ਉਸ ਦਾ ਕੀ ਸੁਧਾਰ ਹੋਵੇਗਾ। ਇਸ ਲਈ ਇਸ ਨੇ ਜੋ ਜਨੇਊ ਧਾਰਿਆ ਹੋਇਆ ਹੈ ਉਹੀ ਠੀਕ ਹੈ ਜੋ ਸਰਬਸਮ੍ਰੱਥ, ਸਰਬ ਸ਼ਕਤੀਮਾਨ ਅਤੇ ਲੋਕ ਪ੍ਰਲੋਕ ਵਿੱਚ ਸਹਾਈ ਹੁੰਦਾ ਹੈ। ਇਸ ਨੂੰ ਇਸ ਧਾਗੇ ਦੇ ਜਨੇਊ ਦੀ ਕੋਈ ਲੋੜ ਨਹੀਂ ਹੈ।"

**ਨੋਟ:- (ਜਗਤੁ ਗੁਰੁ ਬਾਬਾ ਜੀ ਨੇ 11 ਸਾਲ ਦੀ ਆਯੂ ਵਿੱਚ ਹੀ ਸ੍ਰੀ ਨਨਕਾਣਾ ਸਾਹਿਬ ਤੋਂ ਧਾਰਮਿਕ, ਅਧਿਆਤਮਿਕ ਅਤੇ ਸਮਾਜਿਕ ਸਮਾਨਤਾ ਦੀ ਕ੍ਰਾਂਤੀ ਦਾ ਬਿਗਲ ਵਜਾ ਦਿੱਤਾ। ਜਨੇਊ ਦੀ ਵਿਆਖਿਆ ਕਰਕੇ ਬ੍ਰਾਹਮਣ ਸਮਾਜ ਨੂੰ ਭੜਥੂ ਪਾ ਦਿੱਤਾ। ਜੋ ਅਜ ਤੱਕ ਉਲਝਣ ਵਿੱਚ ਫਸੇ ਸਟਪਟਾ ਰਹੇ ਹਨ। ਇਸਤ੍ਰੀ ਨੂੰ ਬਰਾਬਰੀ ਦੇ ਹੱਕਾਂ ਦੀ ਵਕਾਲਤ ਕਰਕੇ ਸਮਾਜਿਕ ਕੁਰੀਤੀਆਂ ਨੂੰ ਕੁਰੇਦਣਾ ਆਰੰਭ ਕਰ ਦਿੱਤਾ। ਇਕ ਉਸਾਰੂ, ਸਭਿਅੱਕ ਅਤੇ ਨੀਤੀਵਾਨ ਕੋਮ ਦੀ ਪੱਕੀ, ਅਡੋਲ ਤੇ ਅਮਰ ਆਧਾਰ ਸ਼ਿਲਾ ਦੀ ਸਥਾਪਨਾ ਕਰ ਦਿੱਤੀ)**

## ਨਾਨਕ ਦੇਵ ਜੀ ਦਾ ਸੁਭਾਅ

ਬਾਬਾ ਕਾਲੂ ਜੀ ਦੇ ਘਰ ਵਿੱਚ ਕਿਸੇ ਪ੍ਰਕਾਰ ਦੀ ਥੁੜ ਨਹੀਂ ਸੀ। ਨਾਨਕ ਦੇਵ ਜੀ ਦਾਨੀ ਸੁਭਾਵ ਦੇ ਕਾਰਣ ਘਰ ਤੋਂ ਲਿਆਦੀਆਂ ਵਸਤਾਂ ਜਰੂਰਤ ਮੰਦਾਂ ਨੂੰ ਵੰਡ ਦੇਂਦੇ। ਇਕ ਦਿਨ ਨਾਨਕ ਜੀ ਨੇ ਘਰੋਂ ਲਿਆਦੀ ਚਾਂਦੀ ਦੀ ਇਕ ਗੜਵੀ ਇਕ ਸੰਨਿਆਸੀ ਨੂੰ ਦਾਨ ਕਰ ਦਿੱਤੀ।

ਨਾਨਕ ਜੀ ਆਪਣੇ ਹਾਣੀਆਂ ਨਾਲ ਦੂਰ-ਨੇੜੇ ਮਹਾਤਮਾਵਾਂ ਦੀ ਭਾਲ ਵਿੱਚ ਘੁੰਮਣ ਚਲੇ ਜਾਂਦੇ। ਉੱਥੇ ਉਨ੍ਹਾਂ ਨਾਲ ਅਧਿਆਤਮਿਕ ਵਿਚਾਰ ਵਟਾਂਦਰਾ ਕਰਦੇ ਅਤੇ ਜੋ ਕੁਝ ਕੋਲ ਹੁੰਦਾ ਉਨ੍ਹਾਂ ਨੂੰ ਦੇ ਆਉਂਦੇ।

## ਫਾਰਸੀ ਪੜ੍ਹਨਾ

ਨਾਨਕ ਜੀ ਨੂੰ **ਮੌਲਵੀ ਕੁੱਤੁਬਦੀਨ** ਕੋਲ ਫਾਰਸੀ ਪੜ੍ਹਨ ਲਈ ਭੇਜ ਦਿੱਤਾ ਗਿਆ। ਨਾਨਕ ਜੀ ਨੇ ਇਕ ਸਾਲ ਵਿੱਚ ਉਹ ਸਭ ਕੁਝ ਸਿੱਖ ਲਿਆ ਜੋ ਦੂਜੇ ਬੱਚੇ ਫਾਰਸੀ ਦਾ ਗਿਆਨ ਪ੍ਰਾਪਤ ਕਰਨ ਲਈ ਕਈ ਸਾਲ ਲਗਾਉਂਦੇ ਸਨ।

ਇਕ ਦਿਨ ਮੌਲਵੀ ਜੀ ਨੇ ਨਾਨਕ ਜੀ ਦਾ ਇਮਤਿਹਾਨ ਲੈਣ ਲਈ ਉਨ੍ਹਾਂ ਨੂੰ ਕੋਈ ਸ਼ੇਅਰ (ਬੰਦ) ਲਿਖਣ ਲਈ ਕਿਹਾ ਤਾਂ ਨਾਨਕ ਜੀ ਨੇ ਇਹ ਅਲਾਹੀ ਸ਼ੇਅਰ ਲਿਖ ਵਿਖਾਇਆ।

"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥੧॥"
"ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥ ॥ਰਹਾਉ"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 721)

ਹੇ ਮੇਰੇ ਸਾਹਿਬ (**ਪ੍ਰਭੂ**) ਤੇਰੇ ਅਗੇ ਮੇਰੀ ਇਕ ਬੇਨਤੀ ਹੈ, ਧਿਆਨ ਨਾਲ ਸੁਣ। ਤੂੰ ਅਮਰ ਹੈਂ ਸਭਨਾਂ ਤੋਂ ਵੱਡਾ ਹੋਣ ਕਰਕੇ ਤੂੰ ਬਖਸ਼ਣ ਹਾਰ ਹੈਂ, ਪਾਲਣ ਹਾਰਾ ਹੈਂ, ਤੂੰ ਹੀ ਸਭ ਦਾ ਕਰਤਾ ਹੈਂ। ਭਾਵ ਤੂੰ ਹੀ ਸਭ ਨੂੰ ਪੈਦਾ ਕੀਤਾ ਹੈ। ਇਹ ਸੰਸਾਰ ਨਾਸ਼ਵਾਨ ਹੈ, ਮੈਂ ਦਿਲ ਦਾ ਹਾਲ ਕਿਸਨੂੰ ਦੱਸਾਂ। ਮੌਤ ਦੇ ਫਰਿਸ਼ਤੇ ਨੇ ਸਭ ਨੂੰ ਆਪਣੀ ਜਕੜ ਵਿੱਚ ਲਿਆ ਹੋਇਆ ਹੈ।

ਬਾਲਕ ਨਾਨਕ ਦੇਵ ਫਾਰਸੀ ਵਿੱਚ ਲਿਖੇ ਸ਼ਬਦਾਂ ਨੂੰ ਵੇਖ ਕੇ ਮੌਲਵੀ ਜੀ ਬੋਲੇ,




ਨਾਨਕ ਜੀ ਫਾਰਸੀ ਸਿਖਦੇ ਹੋਏ

ਇਹ ਸ਼ੇਅਰ ਸੁਣ ਕੇ ਮੌਲਵੀ ਜੀ ਨਾਨਕ ਜੀ ਦੀ ਸੋਚ ਦੇ ਕਾਇਲ ਹੋ ਗਏ ਅਤੇ ਉਹ ਨਾਨਕ ਜੀ ਦਾ ਅਦਬ (**ਇੱਜ਼ਤ**) ਕਰਨ ਲੱਗੇ। ਉਨ੍ਹਾਂ ਨੇ ਪਿਤਾ, ਬਾਬਾ ਕਾਲੂ ਜੀ ਨੂੰ ਬੁਲਾ ਕੇ ਕਿਹਾ- ਮੈਂ ਨਾਨਕ ਜੀ ਨੂੰ ਆਪਣਾ ਅੱਵਲ ਦਰਜੇ ਦਾ ਵਿਦਿਆਰਥੀ ਮੰਨਦਾ ਹਾਂ। ਨਾਨਕ ਜੀ ਵਰਗਾ ਬਾਲਕ ਮੈਨੂੰ ਅੱਜ ਤੱਕ ਨਹੀਂ ਮਿਲੀਆ।

## ਮੌਨ ਧਾਰਣਾ

ਨਾਨਕ ਜੀ ਫ਼ਾਰਸੀ ਦੀ ਪੜਾਈ ਪੂਰੀ ਕਰਨ ਉਪ੍ਰੰਤ ਘਰ ਹੀ ਰਹਿੰਦੇ। ਬੱਚਿਆਂ ਨਾਲ ਖੇਡਣ ਵੀ ਨਾ ਜਾਂਦੇ। ਬੱਸ ਹਰ ਸਮੇਂ ਸ਼ਾਂਤ ਚਿਤ ਅਤੇ ਮੌਨ ਰਹਿਣ ਲੱਗੇ। ਹੌਲੀ-ਹੌਲੀ ਉਨ੍ਹਾਂ ਦੀ ਉਦਾਸੀਨਤਾ ਵਧਦੀ ਗਈ ਕਿਸੇ ਵੀ ਸੰਸਾਰਿਕ ਕੰਮ ਵਿੱਚ ਰੁਚੀ ਨਾ ਰਖਦੇ, ਇੱਥੋਂ ਤਕ ਕਿ ਆਪਣੇ ਖਾਣ-ਪੀਣ ਦੀ ਸੁਧ ਵੀ ਨਾ ਰਖਦੇ, ਕੇਵਲ ਏਕਾਂਤਵਾਸ ਹੀ ਪਸੰਦ ਕਰਦੇ। ਮਾਤਾ ਪਿਤਾ ਨੂੰ ਫਿਕਰ ਹੋਣ ਲੱਗਾ। ਵੱਡੀ ਭੈਣ ਨਾਨਕੀ ਜੀ, ਆਪਣੇ ਪਿਆਰੇ ਵੀਰ ਦੇ ਲਈ ਬਹੁਤ ਸੁਆਦਲੇ ਖਾਣੇ ਤਿਆਰ ਕਰਦੀ ਪਰ ਨਾਨਕ ਜੀ ਦੀ ਕਿਸੇ ਤਰ੍ਹਾਂ ਦੇ ਖਾਣੇ ਵਿੱਚ ਵੀ ਰੁਚੀ ਨਾ ਹੁੰਦੀ।

ਭੈਣ ਨਾਨਕੀ, ਵੀਰ ਨਾਨਕ ਨੂੰ ਬਹੁਤ ਪਿਆਰ ਨਾਲ ਪੁੱਛਦੀ, "ਵੀਰਿਆ ਤੈਨੂੰ ਕੀ ਦੁੱਖ ਹੈ? ਕੁਝ ਮੈਨੂੰ ਵੀ ਤਾਂ ਦੱਸ।"

**ਨਾਨਕ ਜੀ:-** "ਬੇਬੇ ਜੀ, (**ਵੱਡੀ ਭੈਣ ਨੂੰ ਸਨਮਾਨ ਦੇਣ ਹਿਤ 'ਬੇਬੇ' ਸ਼ਬਦ ਵਰਤਿਆ ਜਾਂਦਾ ਹੈ**) ਦੁੱਖ ਮੈਨੂੰ ਨਹੀਂ, ਦੁਖੀ ਤਾਂ ਸੰਸਾਰ ਹੈ ਮੈਂ ਤਾਂ ਬੱਸ ਉਨ੍ਹਾਂ ਦੇ ਲਈ ਚਿੰਤਾ ਕਰਦਾ ਰਹਿੰਦਾਂ ਹਾਂ ਕਿ ਉਨ੍ਹਾਂ ਦੇ ਦੁੱਖਾਂ ਨੂੰ ਕਿਵੇਂ ਦੂਰ ਕੀਤਾ ਜਾਵੇ।

ਇਸ ਰਾਜ਼ ਨੂੰ ਨਾਨਕੀ ਜੀ ਕੁਝ-ਕੁਝ ਸਮਝਣ ਵਿੱਚ ਸਫਲ ਹੁੰਦੇ ਉਸ ਨੂੰ ਅਨੁਭਵ ਹੋ ਗਿਆ ਕਿ ਉਸ ਦਾ ਵੀਰਾ ਪਰਮਾਤਮਾ ਵੱਲੋਂ ਭੇਜਿਆ ਹੋਇਆ ਕੋਈ ਪੂਰਨ ਪੁਰਖ ਹੈ। ਪਰ ਉਹ, ਇਹ ਸਭ, ਪਿਤਾ ਜੀ ਦੇ ਸਨਮੁਖ ਪ੍ਰਗਟ ਨਾ ਕਰਦੀ। ਪਿਤਾ ਜੀ ਨੂੰ ਸਮਝਾਉਣ ਲਈ ਕਹਿ ਦੇਂਦੀ, "ਪਿਤਾ ਜੀ ਨਾਨਕ ਦਾ ਮਨ ਲੱਗਾ ਰਹੇ, ਇਸ ਨੂੰ ਕਿਸੇ ਕੰਮ-ਕਾਰ ਵਿੱਚ ਲਗਾ ਦਿਓ ਤਾਂ ਸਭ ਠੀਕ ਹੋ ਜਾਵੇਗਾ।"

ਬਾਬਾ ਕਾਲੂ ਜੀ ਸੋਚਦੇ, ਗੱਲ ਤਾਂ ਠੀਕ ਹੈ ਪਰ ਮੈਂ ਮੁੰਡੇ ਨੂੰ 13 ਵਰਿਆਂ ਦੀ ਉਮਰ ਵਿੱਚ ਕਿਸ ਕੰਮ ਤੇ ਲਗਾਵਾਂ। ਹਾਲਾਂ ਇਸ ਦੀ ਉਮਰ ਹੀ ਕੀ ਹੈ? ਫਿਰ ਲੋਕ ਕੀ ਆਖਣਗੇ, " ਘਰ ਵਿੱਚ ਧਨ ਦੀ ਕਮੀ ਹੈ ਜਾਂ ਕਾਲੂ ਲਾਲਚੀ ਹੈ ਜੋ ਮੁੰਡੇ ਨੂੰ ਖੇਡਣ-ਕੁਦਣ ਦੇ ਦਿਨਾਂ ਵਿੱਚ ਕੰਮ-ਧੰਦੇ ਲਗਾ ਦਿੱਤਾ ਸੂ।"

ਅਗਲੇ ਦਿਨ ਬਾਬਾ ਕਾਲੂ ਜੀ ਨੇ ਨਾਨਕ ਜੀ ਦੇ ਕੋਲ ਬੈਠ ਕੇ ਕਿਹਾ,"ਬੇਟਾ ਵੇਖ ਮੈਂ ਤਾਂ ਤੈਨੂੰ ਖੁਸ਼ ਵੇਖਣਾ ਚਾਹੁੰਦਾ ਹਾਂ। ਇਸ ਲਈ ਤੇਰੇ ਤੇ ਕੋਈ ਬੰਦਿਸ਼ ਨਹੀਂ। ਘਰ ਵਿੱਚ ਰਹਿ ਜਾਂ ਕਿਤੇ ਘੁੰਮਣ ਜਾਓ, ਪਰ ਜੇਕਰ ਤੂੰ ਘਰ ਦੇ ਕੰਮਾਂ ਵਿੱਚ ਥੋੜਾ ਜਿਨਾ ਹੱਥ ਵਟਾ ਦੇਵੇਂਗਾ ਤਾਂ ਚੰਗਾ ਰਹੇਂਗਾ। ਨਾਲੇ ਤੇਰਾ ਮਨ ਪਰਚਿਆ ਰਹੇਗਾ। ਤੂੰ ਮੱਝਾਂ, ਗਾਵਾਂ ਨੂੰ ਬਾਹਰ ਚਰਾਗਾਹ ਵਿੱਚ ਲੈ ਜਾਇਆ ਕਰ।" ਨਾਨਕ ਜੀ ਮੰਨ ਗਏ।

## ਮੱਝੀਆਂ ਚਰਾਉਣ ਵੇਲੇ ਰਾਹਗੀਰਾਂ ਨਾਲ ਗਿਆਨ ਗੋਸ਼ਟੀਆਂ

ਨਾਨਕ ਦੇਵ ਜੀ ਮੱਝੀਆਂ ਨੂੰ ਚਰਾਉਣ ਲਈ ਲਿਜਾਉਣ ਲੱਗੇ। ਉਹ ਇਕਾਂਤ ਅਤੇ ਸ਼ਾਂਤ ਵਾਤਾਵਰਣ ਵਿੱਚ ਮਨ ਇਕਾਗਰ ਕਰਕੇ ਪ੍ਰਭੂ ਚਰਣਾਂ ਵਿੱਚ ਜੁੜ ਜਾਂਦੇ ਅਤੇ ਕਦੇ-ਕਦੇ ਛੱਪੜ ਕੰਢੇ, ਪਿੱਪਲ ਹੇਠਾਂ ਆ ਬੈਠਦੇ। ਉੱਥੇ ਅਕਸਰ ਸਾਧੂ-ਸੰਨਿਆਸੀ ਵੀ ਆ ਬੈਠਦੇ ਸਨ ਅਤੇ ਇਕ-ਦੋ ਦਿਨ ਠਹਿਰ ਕੇ ਅੱਗੇ ਚਲੇ ਜਾਂਦੇ। ਨਾਨਕ ਜੀ ਉਨ੍ਹਾਂ ਨਾਲ ਕਰਮਕਾਂਡਾਂ ਅਤੇ ਆਡੰਬਰਾਂ ਤੇ ਵਿਅੰਗ ਕਰਦੇ ਅਤੇ ਅੰਤਰ ਆਤਮਾ ਵਿੱਚ ਪ੍ਰਭੂ ਨੂੰ ਢੂੰਡਣ ਲਈ ਕਹਿੰਦੇ, "ਸਿਰਫ ਇਕ ਪ੍ਰਭੂ ਪਰਮੇਸ਼ਵਰ ਹੈ। ਦੇਵੀ- ਦੇਵਤੇ ਸਭ ਉਸ ਪ੍ਰਭੂ ਦੀ ਹੀ ਰਚਨਾਂ ਹਨ। ਸਾਨੂੰ ਇਨ੍ਹਾਂ ਦੀ ਪੂਜਾ ਨਾ ਕਰ ਕੇ ਸਿਧ੍ਹਾ ਪ੍ਰਭੂ ਦੀ ਆਰਾਧਨਾ ਕਰਣੀ ਚਾਹੀਦੀ ਹੈ।" ਪਰ ਕੁਝ ਕਰਮਕਾਂਡੀ ਸਾਧੂ ਪ੍ਰਭੂ ਦੇ ਸਾਕਾਰ ਰੂਪ ਵਿੱਚ ਵਿਸ਼ਵਾਸ ਰੱਖਦੇ। ਪਰ ਨਾਨਕ ਜੀ ਨਿਰਾਕਾਰ ਦੀ ਉਪਾਸ਼ਨਾ ਤੇ ਬਲ ਦੇਂਦੇ ਅਤੇ ਨਿਰਾਕਾਰ ਦੀ ਵਿਆਖਿਆਂ ਕਰਕੇ ਦਸਦੇ ਕਿ **ਪ੍ਰਭੂ ਪਰਮੇਸ਼ਵਰ ਪੱਥਰ ਦੀਆਂ ਮੂਰਤੀਆਂ ਵਿੱਚ ਨਹੀਂ ਰਹਿੰਦਾ, ਉਹ ਤਾਂ ਹਰ ਮਨੁੱਖ ਦੇ ਰੋਮ-ਰੋਮ ਵਿੱਚ ਰਮਿਆ ਹੋਇਆ ਹੈ, ਅਤੇ ਕਣ-ਕਣ ਵਿੱਚ ਸਮਾਇਆ ਹੋਇਆ ਹੈ।**

## ਯੋਗੀ ਮੰਡਲੀ ਨਾਲ ਸੰਵਾਦ

ਇਕ ਦਿਨ ਉਸ ਪਿੱਪਲ ਹੇਠਾਂ ਇਕ ਯੋਗੀ ਮੰਡਲੀ ਆ ਬੈਠੀ। ਉਹ ਕੰਨਾਂ ਵਿੱਚ ਬਹੁਤ ਵੱਡੀਆਂ- ਵੱਡੀਆਂ ਮੁੰਦਰਾਂ ਪਾਈ ਫਿਰਦੇ ਸੀ। ਉਹ ਲੋਕ ਪਹਿਲਾਂ ਤਾਂ ਨਾਨਕ ਦੇਵ ਜੀ ਨੂੰ ਇਕ ਅੱਲੜ੍ਹ ਮੁੰਡਾ ਜਾਣਕੇ ਰੁੱਖੇ ਜਿਹੇ ਬੋਲੇ ਪਰ ਜਦੋਂ ਉਨ੍ਹਾਂ ਨੇ ਨਾਨਕ ਜੀ ਦੇ ਤਰਕ ਸੰਗਤ ਵਿਚਾਰ ਧਿਆਨ ਨਾਲ ਸੁਣੇ ਤਾਂ ਹੋਰ ਨੇੜੇ ਆਣ ਬੈਠੇ।

ਨਾਨਕ ਜੀ, "ਹੇ ਸਤਿ ਪੁਰਖੋ ! ਸਭ ਤੋਂ ਪਹਿਲਾਂ ਤੁਸੀਂ ਇਹ ਤਾਂ ਜਾਣ ਲਵੋ ਕਿ ਅਸੀਂ ਪਾਰਬ੍ਰਹਮ-ਪਰਮੇਸ਼ਵਰ ਕਿਸਨੂੰ ਕਹੀਏ?

**ਯੋਗੀ ;- "ਉਸ ਨੂੰ ਅਸੀਂ ਓਮ (ਤੁੰ) ਸ਼ਬਦ ਨਾਲ ਪੁਕਾਰਦੇ ਹਾਂ।"**

**ਨਾਨਕ ਜੀ** :- "ਠੀਕ ਹੈ, ਪਰੰਤੂ ਇਹ ਸਭ ਤਾਂ ਤਿੰਨ ਪ੍ਰਮੁੱਖ ਅਲਗ-ਅਲਗ ਦੇਵਤਿਆਂ (**ਬ੍ਰਮਾ, ਵਿਸ਼ਨੂੰ , ਮਹੇਸ਼**) ਦਾ ਸੰਬੋਧਨ ਚਿੰਨ੍ਹ ਹੈ? ਇਕ ਪ੍ਰਭੂ ਦਾ ਪ੍ਰਤੀਕ ਨਹੀਂ ਹੈ।"

**ਯੋਗੀ**:- "ਬੇਟਾ, ਤੂੰ ਠੀਕ ਹੀ ਆਖ ਰਿਹਾ ਹੈਂ - ਹੁਣ ਤੂੰ ਹੀ ਦੱਸ ਅਸੀਂ ਰੱਬ ਜਾਂ ਪ੍ਰਭੂ ਕਿਸ ਨੂੰ ਕਹੀਏ?"

**ਨਾਨਕ ਜੀ** :- "ਇਹ ਜੋ ਅਸਾਂ ਨੇ ਤਿੰਨ (**ਬ੍ਰਮਾ, ਵਿਸ਼ਨੂੰ , ਮਹੇਸ਼**) ਦੇਵਤਿਆਂ ਦੇ ਸਵਰੂਪ ਵਿੱਚ ਅਲਗ-ਅਲਗ ਤਿੰਨ ਪ੍ਰਭੂ ਮਿਥ ਲਏ ਹਨ। ਪ੍ਰਭੂ ਕੇਵਲ ਇਕੋ ਹੀ ਹੈ। ਇਨ੍ਹਾਂ (**ਬ੍ਰਮਾ, ਵਿਸ਼ਣੂ , ਮਹੇਸ਼**) ਤਿਨਾਂ ਦੇਵਤਿਆਂ ਅਤੇ ਸ੍ਰਿਸ਼ਟੀ ਦਾ ਨਿਰਮਾਣ

ਕਰਤਾ ਅਮਰ ਤੇ ਅਦ੍ਰਿਸ਼ਟ ਸ਼ਕਤੀ ਹੈ। ਇਹ ਤਿੰਨੋਂ ਦੇਵਤੇ ਵੀ ਨਾਸ਼ਵਾਨ ਹਨ, ਕਿਉਂਕਿ ਜਿਸ ਦੀ ਉਤਪਤੀ ਹੁੰਦੀ ਹੈ ਉਸ ਦਾ ਵਿਨਾਸ਼ ਵੀ ਸੁਭਾਵਿਕ ਅਤੇ ਆਵਸ਼ਕ ਹੈ। ਇਸ ਲਈ ਜੋ **ਜਨਮ-ਮਰਣ ਵਿੱਚ ਨਹੀਂ ਆਉਂਦਾ, ਉਹ ਹੀ ਸਤਿ, ਪਰਮਾਤਮਾ, ਪ੍ਰਭੂ ਤੇ ਭਗਵਾਨ ਹੈ।**

**ਯੋਗੀ**:- "ਬੇਟਾ ਤੇਰੇ ਵਿਚਾਰਾਂ ਵਿੱਚ ਸਤਿ ਦੀ ਝਲਕ ਪੈਂਦੀ ਹੈ। ਦੱਸੋ ਖਾਂ ਉਸ ਈਸ਼ਵਰ ਵਿੱਚ ਹੋਰ ਕੀ-ਕੀ ਗੁਣ ਹਨ?"

**ਨਾਨਕ ਜੀ** :-"ਉਹ ਕੇਵਲ ਅਦ੍ਰਿਸ਼ਟ ਹੈ ਅਰਥਾਤ ਅਨੁਭਵੀ ਪ੍ਰਕਾਸ਼ ਹੈ, ਉਹ ਹੀ ਸਾਰੇ ਜਗਤ ਦਾ ਕਰਤਾ ਹੈ। ਉਹ **ਅਭੈ** ਹੈ ਅਰਥਾਤ ਉਸ ਨੂੰ ਕਿਸੇ ਦੂਸਰੀ ਸ਼ਕਤੀ ਤੋਂ ਡਰ ਨਹੀਂ, ਕਿਉਂਕਿ ਉਸਦੇ ਬਰਾਬਰ ਕੋਈ ਦੂਜੀ ਸ਼ਕਤੀ ਹੈ ਹੀ ਨਹੀਂ! ਉਸ ਦਾ ਵਿਰੋਧੀ ਕੋਈ ਨਹੀਂ, ਉਹ ਨਿਰਵੈਰ ਹੈ, ਉਸ ਦਾ ਕਿਸੇ ਨਾਲ ਵਿਰੋਧ ਨਹੀਂ, ਉਹ ਸਮੇਂ ਦੇ ਬੰਧਨਾਂ ਤੋਂ ਮੁਕਤ ਹੈ, ਉਹ ਅਕਾਲ ਪੁਰਖ ਹੈ ਜੋ ਕਿ ਮਾਤਾ ਦੀ ਕੁੱਖ ਤੋਂ ਨਹੀਂ ਜਨਮਿਆ, ਉਹ ਸੈਭੰ ਹੈ ਅਰਥਾਤ ਆਪਣੇ ਆਪ ਤੋਂ ਪੈਦਾ ਹੋਇਆ ਹੈ।"

**ਯੋਗੀ**-"ਹੁਣ ਪ੍ਰਸ਼ਨ ਇਹ ਹੈ ਕਿ ਉਸ ਤੱਕ ਕਿਵੇਂ ਪਹੁੰਚਿਆ ਜਾ ਸਕਦਾ ਹੈ? ਅਸੀਂ ਇਸ ਕੰਮ ਲਈ ਸਮਾਧੀ ਲਗਾਉਂਦੇ ਹਾਂ, ਚਿੰਤਨ-(ਮਨਨ) ਕਰਦੇ ਹਾਂ।"

**ਨਾਨਕ ਜੀ**- ਯੋਗੀ ਜੀ, "ਇੱਕ ਗੱਲ ਸਮਝ ਲਵੋ ਕਿ ਪੂਰਣ ਗੁਰੂ ਦੀ ਕ੍ਰਿਪਾ ਦੇ ਬਿਨਾਂ ਪ੍ਰਭੂ ਮਿਲਾਪ ਅਸੰਭਵ ਹੈ।"

**ਯੋਗੀ** : ਬੇਟਾ ਦੱਸੋ ਖਾਂ, "ਅਸੀਂ ਸਤਿਗੁਰੂ ਦੀ ਕ੍ਰਿਪਾ ਦੇ ਪਾਤਰ ਕਿਸ ਤਰ੍ਹਾਂ ਬਣੀਏ?"

**ਨਾਨਕ ਜੀ** :- "ਗੁਰੂ ਦੀ ਆਗਿਆ ਪਾਲਣ ਕਰਣ ਨਾਲ ਹੀ ਉਸ ਪਰਮਾਤਮਾ ਦੀ ਕ੍ਰਿਪਾ ਦੇ ਪਾਤ੍ਰ ਬਣ ਸਕਦੇ ਹੋ।"

**ਯੋਗੀ** :- ਬੇਟਾ, "ਇਹ ਗੱਲ ਵੀ ਤੂੰ ਸੱਚੀ ਕਹੀ ਹੈ, ਪਰ ਅਸੀਂ ਇਹ ਕਿਸ ਤਰ੍ਹਾਂ ਜਾਣੀਏ ਕਿ ਉਨ੍ਹਾਂ ਦੇ ਆਦੇਸ਼ਾਂ ਦੀ ਪਾਲਣਾ ਹੋ ਰਹੀ ਹੈ?"

**ਨਾਨਕ ਜੀ** :-"ਉਹ ਹੀ ਕਾਰਜ ਕੀਤੇ ਜਾਣ ਜੋ ਪਰ-ਹਿਤ (**ਦੂਜਿਆਂ ਦੇ ਭਲੇ**) ਵਿੱਚ ਹੋਵਨ। ਕਿਸੇ ਕੰਮ ਵਿੱਚ ਵਿਖਾਵਾ ਨਾ ਹੋਵੇ। ਜੋ ਕੁਝ ਵੀ ਹੋ ਰਿਹਾ ਹੈ ਉਹ ਉਸ ਪ੍ਰਭੂ ਦੇ ਹੁਕਮ ਅਨੁਸਾਰ ਹੀ ਤਾਂ ਹੋ ਰਿਹਾ ਹੈ। ਉਸ ਵਿੱਚ ਤਸਲੀ ਰਖੀਏ।"

ਇਸ ਤਰ੍ਹਾਂ ਯੋਗੀਆਂ ਦੇ ਸ਼ੰਕੇ ਦੂਰ ਹੋ ਗਏ ਅਤੇ ਉਹ ਉੱਥੋਂ ਅੱਗੇ ਤੁਰ ਗਏ।



**ਨਾਨਕ ਜੀ ਯੋਗੀ ਮੰਡਲੀ ਦੀ ਤਸੱਲੀ ਕਰਾਉਂਦੇ ਹੋਏ**

**ਖੇਤ ਉਜੜਨਾ :** ਇਕ ਦਿਨ ਨਾਨਕ ਜੀ ਆਪਣੀਆਂ ਮੱਝਾਂ ਨੂੰ ਚਰਾਗਾਹ ਵਿੱਚ ਛਡ ਕੇ ਆਪ ਇਕ ਰੁੱਖ ਹੇਠਾਂ ਲੇਟ ਕੇ ਸੌਂ ਗਏ। ਮੱਝਾਂ ਫ਼ਸਲ ਬੀਜੀ ਵਾਲੇ ਖੇਤ ਵਿੱਚ ਵੜ ਕੇ ਫਸਲ ਖਾ ਗਈਆਂ। ਖੇਤ ਦਾ ਮਾਲਿਕ ਨੇ ਰਾਏ ਬੁਲਾਰ ਜੀ ਕੋਲ ਸ਼ਕਾਇਤ ਕੀਤੀ। ਅਗਲੇ ਦਿਨ ਰਾਏ ਜੀ ਨੇ ਆਪਣਾ ਇਕ, ਨੁਕਸਾਨ ਵਾਲੇ ਖੇਤ ਨੂੰ ਵੇਖਣ ਭੇਜਿਆ ਅਤੇ ਕਾਲੂ ਜੀ ਤੇ ਨਾਨਕ ਜੀ ਨੂੰ ਬੁਲਾ ਭੇਜਿਆ। ਕਾਮੇ ਨੇ ਆ ਕੇ ਦਸਿਆ ਕਿ ਫਸਲ ਤਾਂ ਪੂਰੀ ਹਰੀ ਭਰੀ ਖੜੀ ਹੈ। ਰਾਏ ਜੀ ਨੇ ਕਿਹਾ, "ਨਾਨਕ ਅੱਲਾ ਦਾ, ਖੇਤ ਵੀ ਅੱਲਾ ਦੇ, ਮੱਝਾਂ ਵੀ ਅੱਲਾ ਦੀਆਂ ਫਿਰ ਨੁਕਸਾਨ ਕਿਸ ਦਾ ਅਤੇ ਹਰਜਾਨਾ ਕਿਸ ਲਈ। ਇਹ ਸੁਣ ਕੇ ਖੇਤ ਦਾ ਮਾਲਕ ਸਾਂਤ ਹੋ ਕੇ ਅਪਣੇ ਘਰ ਚਲਾ ਗਿਆ।



**ਨੋਟ: ਜੋ ਫਸਲਾਂ ਉਪਰੋਂ-ਉਪਰੋਂ ਪਸ਼ੂ ਖਾ ਵੀ ਜਾਣ ਤਾਂ ਉਹ ਰਾਤੋ-ਰਾਤ ਫੁੱਟ ਕੇ ਹਰੀ-ਭਰੀ ਹੋ ਜਾਂਦੀ ਹੈ।**



**ਗੁਰਦੁਆਰਾ ਮਾਲ ਜੀ ਸਾਹਿਬ**

**ਸਰਪ ਛਾਇਆ :** ਰੁੱਖ ਹੇਠ ਸੁੱਤੇ ਨਾਨਕ ਜੀ ਦੇ ਮੁੱਖ ਤੇ ਧੁੱਪ ਆ ਜਾਣ ਕਰਕੇ ਧਰਤੀ ਦੇ ਰਾਜਾ ਸ਼ੇਸ਼ ਨਾਗ ਨੇ ਅਪਣਾ ਫਨ ਫੈਲਾ ਕੇ ਉਨ੍ਹਾਂ ਦੇ ਮੁੱਖ ਤੇ ਛਾਂ ਕੀਤੀ ਹੋਈ ਸੀ। ਰਾਏ ਬੁਲਾਰ ਜੀ ਉਧਰੋਂ ਨਿਕਲਦਿਆਂ ਇਹ ਵਰਤਾਰਾ ਦੇਖ ਕੇ ਨਾਨਕ ਜੀ ਕੋਲ ਪਹੁੰਚੇ ਤਾਂ ਉਹ ਨਾਗ ਚੁੱਪ-ਚੁਪੀਤੇ ਅਪਣੀ ਖੁੱਡ ਵਿੱਚ ਵੜ ਗਿਆ। ਰਾਏ ਜੀ ਇਸ ਕੌਤਕ ਨੂੰ ਵੇਖ ਕੇ ਬਹੁਤ ਪ੍ਰਭਾਵਤ ਹੋਏ।



**ਕਰਤੇ ਨਾਲ ਇੱਕ ਮਿੱਕ ਹੋਏ, ਨਾਨਕ ਜੀ**

(ਨੋਟ :- ਪ੍ਰਭੂ ਨੇ ਹਰ ਇਕ ਜੀਵ ਆਤਮਾ ਵਿੱਚ ਹਮਦਰਦੀ ਦਾ ਅੰਸ਼ ਰਖਿਆ ਹੋਇਆ ਹੈ। ਉਸ ਸਰਪ ਨੇ ਅਨੁਭਵ ਕੀਤਾ ਹੋਵੇਗਾ ਕਿ ਉਸ ਦੇ ਘਰ (ਖੁੱਡ) ਰੱਬ ਦੇ ਪਿਆਰੇ ਸੁੱਤੇ ਹੋਏ ਹਨ। ਉਨ੍ਹਾਂ ਦੇ ਮੁੱਖ ਤੇ ਧੁੱਪ ਨਾ ਸਹਿਣ ਕਰਦਿਆਂ ਉਸ ਨੇ ਆਪਣਾ ਫਨ ਫੈਲਾ ਕੇ ਮੁੱਖ ਤੇ ਛਾਂ ਕਰ ਦਿੱਤੀ। ਤਾਂ ਜੋ ਨਾਨਕ ਜੀ ਸ਼ਾਂਤੀ ਪੂਰਵਕ, ਅਨੰਦ ਵਿੱਚ ਸੁਤੇ ਰਹਿਣ।

ਇਕ ਦਿਨ ਨਾਨਕ ਜੀ ਸੰਘਨੇ ਰੁੱਖਾਂ ਦੀ ਛਾਂ ਹੇਠਾਂ ਸੌਂ ਗਏ। ਸੂਰਜ ਢਲਨ ਨਾਲ ਰੁੱਖਾਂ ਦੇ ਪਰਛਾਵੇਂ ਵਿੱਚ ਕੋਈ ਫਰਕ ਨਾ ਪਿਆ। ਨਾਨਕ ਜੀ ਪੂਰੇ ਆਰਾਮ ਨਾਲ ਇੱਕੋ ਥਾਂ ਤੇ ਸ਼ਾਮ ਤੱਕ ਸੁੱਤੇ ਰਹੇ। ਉਨ੍ਹਾਂ ਨੂੰ ਕੋਈ ਬੇ-ਆਰਾਮੀ ਨਾ ਹੋਈ।

## ਬੇਬੇ ਨਾਨਕੀ ਜੀ ਦਾ ਵਿਆਹ

ਇਕ ਦਿਨ ਰਾਏ ਬੁਲਾਰ ਦੇ ਕੋਲ ਉਨ੍ਹਾਂ ਦੇ ਦਾਮਾਦ ਦੌਲਤ ਖਾਨ ਲੋਧੀ ਜੋ ਕਿ ਸੁਲਤਾਨਪੁਰ ਲੋਧੀ ਦਾ ਜਿਲਾ ਅਧਿਕਾਰੀ (**ਹਾਕਿਮ**) ਸੀ, ਨੇ ਆਪਣੇ ਲੇਖਾਪਾਲ (ਇਕ ਮੁਨੀਮ) **'ਜੈ ਰਾਮ'** ਨੂੰ ਤਲਵੰਡੀ ਭੇਜਿਆ। ਉਸ ਨੇ ਸਾਰੇ ਵਹੀ ਖਾਤਿਆਂ ਦੇ ਅੰਕੜੇ ਆਪਸੀ ਮਿਲਾਨ ਕੀਤੇ। ਇਹ ਜੁਆਨ ਰਾਏ ਜੀ ਨੂੰ ਬਹੁਤ ਚੰਗਾ ਲੱਗਾ। ਉਨ੍ਹਾਂ ਨੇ ਬਾਬਾ ਕਾਲੂ ਜੀ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਪੁਤ੍ਰੀ, ਨਾਨਕੀ ਦਾ ਵਿਆਹ ਜੈਰਾਮ ਨਾਲ ਕਰ ਦੇਣ। ਕਿਉਂਕਿ ਉਹ ਹਰ ਦ੍ਰਿਸ਼ਟੀ ਤੋਂ ਯੋਗ ਹੈ

ਇਹ ਗੱਲ ਬਾਬਾ ਕਾਲੂ ਜੀ ਨੂੰ ਵੀ ਚੰਗੀ ਲੱਗੀ। ਉਨ੍ਹਾਂ ਨੇ ਸਹਿਮਤੀ ਦੇ ਦਿੱਤੀ। ਜੱਦੋਂ ਦੋਨਾਂ ਪੱਖਾਂ ਵੱਲੋਂ ਖੁਸ਼ੀ-ਖੁਸ਼ੀ ਰਿਸ਼ਤਾ ਸਵੀਕਾਰ ਹੋ ਗਿਆ ਤਾਂ ਵਿਆਹ ਦੀ ਮਿਤੀ ਤੈਹ ਕਰਕੇ ਵਿਆਹ ਕਰ ਦਿੱਤਾ ਗਿਆ। ਇਸ ਤਰ੍ਹਾਂ ਨਾਨਕ ਦੇਵ ਜੀ ਦੀ ਵੱਡੀ ਭੈਣ ਨਾਨਕੀ ਜੀ ਆਪਣੇ ਸਹੁਰੇ, **'ਸੁਲਤਾਨਪੁਰ ਲੋਧੀ'** ਆਪਣੇ ਪਤੀ, ਜੈਰਾਮ ਦੇ ਨਾਲ ਤੁਰ ਗਏ । ਜੈਰਾਮ ਜੀ ਦਾ ਘਰ ਬੇਬੇ ਨਾਨਕੀ ਜੀ' ਦੇ ਘਰ ਵਝੋਂ ਸੰਗਤਾਂ ਦੇ ਦਰਸ਼ਨਾਂ ਲਈ ਜਿਉਂ ਦਾ ਤਿਉਂ ਸੰਭਾਲਿਆ ਹੋਇਆ ਹੈ।

**ਬੇਬੇ ਨਾਨਕੀ ਜੀ ਅਤੇ ਭਾਈ ਜੈਰਾਮ ਜੀ ਦੇ ਵਿਆਹ ਉਪ੍ਰੰਤ ਵਦਾਇਗੀ**






**ਬੇਬੇ ਨਾਨਕੀ ਜੀ ਦਾ ਸੌਹਰਾ ਘਰ, ਸੁਲਤਾਨਪੁਰ ਲੋਧੀ**
**ਜੋ ਹੁਣ ਗੁਰਦੁਆਰਾ ਬੇਬੇ ਨਾਨਕੀ ਜੀ ਬਣਾ ਦਿੱਤਾ ਗਿਆ ਹੈ**

## ਖੇਤੀ ਕਰਨਾ

ਇਕ ਦਿਨ ਨਾਨਕ ਦੇਵ ਨੂੰ ਉਨ੍ਹਾਂ ਦੇ ਪਿਤਾ ਜੀ ਨੇ ਕਿਹਾ- "ਹੁਣ ਤੂੰ ਡੰਗਰਾਂ (**ਪਛੂਆਂ**) ਨੂੰ ਲਿਜਾਣਾ ਛਡ ਕੇ ਆਪਣੇ ਖੇਤਾਂ ਦੀ ਆਪੇ ਦੇਖ-ਭਾਲ ਕਰਿਆ ਕਰ ਕਿਉਂਕਿ ਖੇਤ ਪਟੇ (ਠੇਕੇ) ਤੇ ਦਿਤਿਆਂ ਲਾਭ ਅੱਧਾ ਰਹਿ ਜਾਂਦਾ ਹੈ। ਇਸ ਲਈ ਤੈਨੂੰ ਹੀ ਆਪਣੇ ਖੇਤਾਂ ਦੀ ਸੰਭਾਲ ਕਰਣੀ ਹੋਵੇਗੀ। ਮੈਂ ਤੈਨੂੰ ਬਹੁਤ ਚੰਗਾ ਰੋਜ਼ਗਾਰ ਕਰਦੇ ਵੇਖਣਾ ਚਾਹੁੰਦਾ ਹਾਂ, ਤਾਂ ਕਿ ਕਿਸੇ ਅਛੇ ਘਰ ਵਿੱਚ ਤੇਰਾ ਰਿਸ਼ਤਾ ਤੈਅ ਕਰ ਸਕਾਂ। ਨਾਨਕ ਦੇਵ ਜੀ ਨੇ ਪਿਤਾ ਜੀ ਨੂੰ ਵਿਸ਼ਵਾਸ ਦਿਵਾਇਆ ਕਿ ਤੁਸੀਂ ਜਿਵੇਂ ਕਹੋਗੇ, ਮੈਂ ਉਸੇ ਤਰ੍ਹਾਂ ਕਰਾਂਗਾ।

ਹੁਣ ਨਾਨਕ ਦੇਵ ਦੀ ਉਮਰ ਲਗਭਗ 15 ਸਾਲਾਂ ਦੀ ਹੋ ਗਈ ਸੀ। ਉਹ ਅੰਮ੍ਰਿਤ ਵੇਲੇ ਉਠਦੇ ਅਤੇ ਇਸ਼ਨਾਨ ਅਤੇ ਨਿਤਨੇਮ ਕਰਕੇ ਖੇਤਾਂ ਵਿੱਚ ਚਲੇ ਜਾਂਦੇ। ਉੱਥੇ ਖੇਤੀ ਕਾਮਿਆਂ ਨਾਲ ਮਿਲ ਕੇ ਖੇਤਾਂ ਵਿੱਚ ਹਲ ਜੋਤਦੇ ਅਤੇ ਸਾਰੇ ਕੰਮ ਹੱਥੀਂ ਕਰਦੇ। ਜਿਸ ਕਰਕੇ ਫਸਲ ਬਹੁਤ ਅਛੀ ਹੋਈ। ਜਦੋਂ ਬਾਬਾ ਕਾਲੂ ਜੀ ਨੇ ਲਹਲਹਾਂਦੀ ਫਸਲ ਵੇਖੀ ਤਾਂ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਨਾਨਕ ਦੇਵ ਨੂੰ ਗਲ ਲਗਾ ਕੇ ਬਹੁਤ ਪਿਆਰ ਕੀਤਾ ਅਤੇ ਕਿਹਾ, **"ਓਏ ਤੈਨੇ ਤਾਂ ਮੇਰੀਆਂ ਸਾਰੀਆਂ ਸ਼ਿਕਾਇਤਾਂ ਦੂਰ ਕਰ ਦਿੱਤੀਆਂ ਹਨ। ਮੈਂ ਹੁਣ ਤੇਰੇ ਵਿਆਹ ਦੀ ਗੱਲ ਆਪਣੇ ਇਕ ਮਿੱਤਰ ਦੀ ਕੁੜੀ ਨਾਲ ਪੱਕੀ ਕਰਦਾ ਹਾਂ।"**



ਗੁਰਦੁਆਰਾ ਕਿਆਰਾ ਸਾਹਿਬ (ਨਨਕਾਣਾ ਸਾਹਿਬ)

## ਨਾਨਕ ਜੀ ਨੂੰ ਛੁਹਾਰਾ ਲਗਣਾ

ਬਾਬਾ ਕਾਲੂ ਜੀ ਨੇ ਆਪਣੀ ਪਤਨੀ ਤ੍ਰਿਪਤਾ ਜੀ ਨਾਲ ਸਲਾਹ-ਮਸ਼ਵਰਾ ਕੀਤਾ ਕਿ ਸਾਡਾ ਮੁੰਡਾ ਹੁਣ ਪਹਿਲੇ ਦੀ ਤਰਾਂ ਵੈਰਾਗੀ ਨਹੀਂ ਰਿਹਾ। ਉਹ ਤਾਂ ਹੁਣ ਖੇਤੀਬਾੜੀ ਕਰਨ ਲਗਿਆ ਹੈ। ਉਸ ਲਈ ਹੁਣ ਘਰ ਗ੍ਰਿਹਸਥੀ ਬਾਰੇ ਸੋਚੀਏ। ਮਾਤਾ ਜੀ ਨੇ ਪ੍ਰਸੰਨ ਚਿੱਤ ਹੋ ਕੇ ਕਿਹਾ, **"ਚੰਗੀ ਗੱਲ ਹੈ ਜੀ।"**

ਬਾਬਾ ਕਾਲੂ ਜੀ ਨੇ ਆਪਣੇ ਬਚਪਨ ਦੇ ਮਿੱਤਰ ਮੂਲਚੰਦ ਜੀ ਨੂੰ ਸੰਦੇਸ਼ ਭੇਜਿਆ। ਉਨ੍ਹਾਂ ਦੀ ਸਪੁੱਤਰੀ **'ਸੁਲੱਖਣੀ'** ਹਰ ਦ੍ਰਿਸ਼ਟੀ ਤੋਂ ਕੁਸ਼ਲ, ਨਿਪੁੰਨ ਅਤੇ ਸੁੰਦਰ ਵੀ ਸੀ। ਉਨ੍ਹਾਂ ਦਿਨਾਂ 'ਚ ਉਹ ਬਟਾਲਾ ਨਗਰ ਵਿੱਚ ਪਟਵਾਰੀ ਦਾ ਕੰਮ-ਕਾਰ ਸੰਭਾਲਦੇ ਸਨ। ਮਿੱਤਰਤਾ ਹੋਣ ਕਰਕੇ ਪਹਿਲਾਂ ਵੀ ਉਹ ਦਿਨ ਦਿਹਾਰ ਤੇ ਆਉਂਦੇ ਜਾਂਦੇ ਰਹਿੰਦੇ ਸਨ।

ਮੂਲਚੰਦ ਜੀ ਨੇ ਗੱਲ ਬਾਤ ਕਰਕੇ ਰਿਸ਼ਤਾ ਸਵੀਕਾਰ ਕਰ ਲਿਆ। ਦੋਹਾਂ ਪ੍ਰਵਾਰਾਂ ਦੀ ਸਹਿਮਤੀ ਨਾਲ ਨਾਨਕ ਜੀ ਨੂੰ ਰਾਏ ਬੁਲਾਰ ਜੀ ਦੀ ਹਾਜ਼ਰੀ ਵਿੱਚ ਧੂਮ ਧਾਮ ਨਾਲ ਸ਼ਗਨ ਲਗਾਇਆ ਗਿਆ। ਨਾਲ ਦੀ ਨਾਲ ਵਿਆਹ ਦਾ ਦਿਨ ਵੀ ਮਿਥਿਆ ਗਿਆ।

## ਖਰਾ ਸੌਦਾ ਕਰਨਾ


ਉਸ ਸਾਲ ਸੋਕਾ ਪੈਣ ਕਰਕੇ ਫਸਲ ਘੱਟ ਹੋਈ। ਬਾਬਾ ਕਾਲੂ ਜੀ ਨੇ ਫੈਸਲਾ ਲਿਆ ਕਿ ਖੇਤੀ-ਬਾੜੀ ਨਾਨਕ ਦੇ ਵੱਸ ਦੀ ਗੱਲ ਨਹੀਂ। ਇਸ ਨੂੰ ਤਾਂ ਕਿਸੇ ਵਪਾਰ ਵਿੱਚ ਲਗਾ ਦਿੱਤਾ ਜਾਏ ਤਾਂ ਠੀਕ ਰਹੇਗਾ।

ਹੁਣ ਨਾਨਕ ਦੇਵ ਜੀ ਦੀ ਉਮਰ 17 ਵਰਿਆਂ ਦੀ ਹੋ ਚੁਕੀ ਸੀ। ਇਸ ਲਈ ਕਲਿਆਨ ਦਾਸ ਜੀ ਨੇ ਬਹੁਤ ਸੋਚ ਸਮਝ ਕੇ ਵਪਾਰ ਦੇ ਲਈ ਨਾਨਕ ਨੂੰ **20**ਦਮੜੇ ਦਿੱਤੇ ਅਤੇ ਆਖਿਆ, “ਨਾਨਕ ਤੂੰ ਇਨ੍ਹਾਂ ਦਮੜਿਆਂ ਨਾਲ ਕੋਈ ਵਪਾਰ ਸ਼ੁਰੂ ਕਰ। ਮੈਨੂੰ ਪੂਰੀ ਆਸ ਹੈ ਇਕ ਦਿਨ ਤੂੰ ਬਹੁਤ ਵੱਡਾ ਵਪਾਰੀ ਬਣੇਗਾ।”

ਇਕ ਪੜੋਸੀਆਂ ਦਾ ਮੁੰਡਾ, ਜਿਸਦਾ ਨਾ ਬਾਲਾ ਸੀ, ਜੋ ਕਿ ਨਾਨਕ ਜੀ ਦਾ ਬਚਪਨ ਦਾ ਮਿੱਤਰ ਸੀ, ਉਨ੍ਹਾਂ ਦੇ ਨਾਲ ਭੇਜਿਆ। ਕਿਉਂਕਿ ਉਹ ਨਾਨਕ ਜੀ ਤੋਂ ਉਮਰ ਵਿੱਚ ਵੱਡਾ ਸੀ। ਨਾਨਕ ਜੀ ਨੂੰ ਪਿਤਾ ਜੀ ਨੇ ਇਕ ਖਾਸ ਹੁਕਮ ਕੀਤਾ ਕਿ **ਬੇਟਾ ਕਿਤੇ ਧੋਖਾ ਨਹੀਂ ਖਾਣਾ, ਖਰਾ ਸੌਦਾ ਹੀ ਕਰਨਾ।**

ਦੋਨੋਂ ਮਿੱਤਰ ਤਲਵੰਡੀ ਦੇ ਲਾਗਲੇ ਵੱਡੇ ਨਗਰ **ਚੂੜਕਾਣੇ** ਨੂੰ ਚੱਲ ਪਏ। ਚੂੜਕਾਣੇ ਸ਼ਹਿਰ ਦੇ ਕੋਲ ਸਾਧੂਆਂ ਦਾ ਡੇਰਾ ਦਿਸਿਆ। ਦੋਨੋਂ ਸਾਥੀ ਸਾਧੂਆਂ ਦੇ ਕੋਲ ਜਾ ਪਹੁੰਚੇ। ਸਾਰੇ ਸਾਧੂ ਭਜਨ-ਬੰਦਗੀ ਵਿੱਚ ਲੀਨ ਸਨ। ਨਾਨਕ ਜੀ ਨੇ ਉਨ੍ਹਾਂ ਦੇ ਮਹੰਤ ਨੂੰ ਪੁੱਛਿਆ ਕਿ ਤੁਸੀਂ ਆਪਣੇ ਭੋਜਨ ਦਾ ਕੀ ਪ੍ਰਬੰਧ ਕਰਦੇ ਹੋ? ਮਹੰਤ ਨੇ ਦੱਸਿਆ ਕਿ ਕੋਈ ਦਾਨੀ ਪੁਰਸ਼ ਭੋਜਨ ਲਿਆ ਦੇਵੇ ਤਾਂ ਅਸੀਂ ਭੋਜਨ ਕਰ ਲੈਂਦੇ ਹਾਂ ਨਹੀਂ ਤਾਂ ਬਿਨਾਂ ਭੋਜਨ ਦੇ ਹੀ ਰਹਿੰਦੇ ਹਾਂ।

ਨਾਨਕ ਜੀ ਨੇ ਮਹੰਤ ਨੂੰ **20**ਦਮੜੇ ਦੇ ਕੇ ਕਿਹਾ ਕਿ ਆਪ ਆਪਣੇ ਭੋਜਨ ਦਾ ਪ੍ਰਬੰਦ ਕਰ ਲਵੋ ਜੀ। ਮਹੰਤ ਨੇ ਕਿਹਾ, “ਬੇਟਾ ਅਸੀਂ ਦਮੜੇ ਨਹੀਂ ਲੈਂਦੇ, ਅਸਾਂ ਨੂੰ ਰਸਦ ਲਿਆ ਦੇਵੋ। ਅਸੀਂ ਆਪੇ ਲੰਗਰ ਤਿਆਰ ਕਰ ਲਵਾਂਗੇ। ਨਾਨਕ ਜੀ ਅਤੇ ਬਾਲਾ ਜੀ, ਚੂੜਕਾਣੇ ਗਏ, ਉੱਥੋਂ ਹਰ ਤਰ੍ਹਾਂ ਦੀ ਰਸਦ ਖਰੀਦ ਕੇ ਬੈਲ ਗੱਡਿਆਂ ਤੇ ਲਦਵਾ ਕੇ ਸਾਧੂਆਂ ਨੂੰ ਦੇ ਕੇ ਅਤੇ ਆਪਣੇ ਹੱਥੀਂ ਲੰਗਰ ਛਕਾ ਕੇ ਵਾਪਸ ਤਲਵੰਡੀ ਪਰਤ ਆਏ। ਚਲਦੇ ਚਲਦੇ ਨਾਨਕ ਜੀ ਨੇ ਅਨੁਭਵ ਕੀਤਾ **ਕਿ ਇਸ ਤੋਂ ਚੰਗਾ ਖਰਾ ਸੌਦਾ ਹੋਰ ਕੋਈ ਹੋ ਹੀ ਨਹੀਂ ਸਕਦਾ।”**



**ਸ੍ਰੀ ਗੁਰੂ ਨਾਨਕ ਦੇਵ ਜੀ ਖਰਾ ਸੌਦਾ ਕਰਦਿਆਂ**





ਗੁਰਦੁਆਰਾ ਸਾਹਿਬ, ਖਰਾ ਸੌਦਾ, (ਚੂੜਕਾਣਾ, ਪਾਕਿਸਤਾਨ), 28-05-2024

**ਘਰ ਨਾ ਜਾਣਾ :** ਤਲਵੰਡੀ ਆ ਕੇ ਨਾਨਕ ਜੀ ਪਿੰਡੋਂ ਬਾਹਰ ਵਣਾਂ ਦੇ ਰੁੱਖਾ ਹੇਠਾਂ ਬੈਠ ਗਏ, ਘਰ ਨਹੀਂ ਗਏ। ਜਦੋਂ ਪਿਤਾ, ਬਾਬਾ ਕਾਲੂ ਜੀ ਨੂੰ ਪਤਾ ਲੱਗਾ ਕਿ ਨਾਨਕ ਪਿੰਡੋਂ ਬਾਹਬ ਵਣਾਂ ਹੇਠ ਬੈਠਾ ਹੋਇਆ ਹੈ। ਤਾਂ ਉਹ ਨਾਨਕ ਨੂੰ ਘਰ ਲਿਆਉਂਣ ਵਾਸਤੇ ਉੱਥੇ ਗਏ, ਪ੍ਰੰਤੂ ਉਨ੍ਹਾਂ ਦੇ ਮਨ ਵਿੱਚ ਨਾਨਕ ਪ੍ਰਤੀ ਬਹੁਤ ਗੁਸਾ ਸੀ, ਕਿਉਂ ਕਿ ਉਨ੍ਹਾਂ ਨੇ ਨਾਨਕ ਨੂੰ ਖਰਾ ਸੌਦਾ ਕਰਨ ਲਈ ਬਾਲੇ ਨਾਲ ਤੋਰਿਆ ਸੀ। ਉਨ੍ਹੀ ਦਿਨ੍ਹੀਂ ਬੇਬੇ ਨਾਨਕੀ, ਵਿਆਹ ਤੋਂ ਬਾਅਦ ਪਹਿਲੀ ਵਾਰ ਪੇਕੇ ਆਈ ਹੋਈ ਸੀ। ਜਿੱਦਾਂ ਹੀ ਉਸ ਨੂੰ ਪਤਾ ਲੱਗਾ ਕਿ ਪਿਤਾ ਜੀ ਗੁੱਸੇ ਵਿੱਚ ਹਨ ਤਾਂ ਉਹ ਉਨ੍ਹਾਂ ਦੇ ਪਿੱਛੇ-ਪਿੱਛੇ ਚੱਲ ਪਈ। ਨਾਨਕ ਜੀ, ਛੱਪੜ ਦੇ ਕੰਢੇ ਬੈਠੇ ਹੋਏ ਸਨ। ਬਾਬਾ ਕਾਲੂ ਜੀ ਨੇ ਨਾਨਕ ਨੂੰ ਪੁੱਛਿਆ, ਕੀ ਕੀਤਾ ਹਈ 20 ਦਮੜਿਆਂ ਨਾਲ।

ਨਾਨਕ ਜੀ ਸ਼ਾਂਤ ਚਿਤ ਅਦਬ ਨਾਲ ਅਡੋਲ ਖੜੇ ਰਹੇ। ਬਾਬਾ ਕਾਲੂ ਜੀ ਦਾ ਗੁੱਸਾ ਹੋਰ ਵਧ੍ਹ ਗਿਆ। ਪਰ ਨਾਨਕੀ ਜੀ ਦੀ ਬੇਨਤੀ ਤੇ ਉਹ ਨਾਨਕ ਦੇਵ ਨੂੰ ਨਾਲ ਲੈ ਕੇ ਘਰ ਆ ਗਏ।

ਰਾਏ ਬੁਲਾਰ ਜੀ ਨੇ ਬਾਬਾ ਕਾਲੂ ਜੀ ਨੂੰ ਸੱਦ ਭੇਜਿਆ। ਰਾਏ ਜੀ ਨੇ ਨਾਨਕ ਜੀ ਨੂੰ ਪੁੱਛਿਆ, "ਬੇਟਾ, ਤੈਂ ਸਾਰਾ ਧਨ ਫਕੀਰਾਂ ਤੇ ਕਿਉਂ ਖਰਚ ਕਰ ਦਿੱਤਾ?" ਨਾਨਕ ਜੀ ਕਹਿਣ ਲੱਗੇ ਕਿ ਮੈਨੂੰ ਜਾਣ ਵੇਲੇ ਪਿਤਾ ਜੀ ਨੇ ਕਿਹਾ ਸੀ ਕਿ ਬੇਟਾ ਖਰਾ ਸੋਦਾ ਹੀ ਕਰਨਾ ਹੈ। ਇਸ ਲਈ **ਮੈਂ ਬਹੁਤ ਸੋਚ-ਸਮਝ ਕੇ ਖਰਾ ਸੌਦਾ ਹੀ ਕੀਤਾ ਹੈ, ਇਸ ਵਿੱਚ ਲਾਭ ਹੀ ਲਾਭ ਹੈ।**

ਰਾਏ ਜੀ ਨੇ ਕਿਹਾ, "ਵੇਖ ਕਾਲੂ ਮੈਂ ਪਹਿਲਾਂ ਵੀ ਕਈ ਵਾਰ ਕਹਿ ਚੁਕਾ ਹਾਂ ਕਿ ਨਾਨਕ ਦੇਵ ਜੀ ਨੂੰ ਭੁੱਲ ਕੇ ਵੀ ਗੁੱਸੇ ਨਹੀਂ ਹੋਣਾ। ਪਰ ਇਕ ਤੂੰ ਹੈਂ ਕਿ ਗੱਲ ਨੂੰ ਸਮਝਦਾ ਹੀ ਨਹੀਂ। ਅੱਜ ਤੋਂ ਇਕ ਗੱਲ ਪੱਲੇ ਬੰਨ੍ਹ ਲੈ ਕਿ ਨਾਨਕ ਦੇਵ ਜੀ ਜੋ ਵੀ ਕੰਮ ਕਰਨ, ਜਿਸ ਤਰ੍ਹਾਂ ਚਾਹੁਣ, ਉਸ ਵਿੱਚ ਰੁਕਾਵਟ ਨਹੀਂ ਬਣਨਾ। ਮੈਂ ਤੇਰਾ ਘਾਟਾ ਪੂਰਾ ਕਰ ਦਿੰਦਾ ਹਾਂ। 20 ਦਮੜੇ ਮੰਗਵਾ ਕੇ ਬਾਬਾ ਕਾਲੂ ਜੀ ਨੂੰ ਦੇ ਕੇ ਕਿਹਾ ਕਿ ਇਹ ਲੈ ਤੇਰਾ ਘਾਟਾ ਪੂਰਾ ਹੋ ਗਿਆ। ਬਾਬਾ ਕਾਲੂ ਜੀ ਦਮੜੇ ਨਹੀਂ ਲੈ ਰਹੇ ਸਨ, ਪਰ ਰਾਏ ਜੀ ਦੇ ਦਬਾਅ ਹੇਠ ਉਨ੍ਹਾਂ ਨੇ ਦਮੜੇ ਫੜ ਲਏ। ਪ੍ਰੰਤੂ ਘਰ ਪਹੁੰਚ ਕੇ ਵਿਚਾਰ ਕਰਕੇ ਉਨ੍ਹਾਂ ਨੇ ਉਹ ਰਕਮ ਰਾਏ ਜੀ ਨੂੰ ਮੋੜ ਦਿੱਤੀ।



ਵਣਾਂ ਦੇ ਉਹ ਤੰਬੂ ਦੀ ਨਿਆਈਂ ਰੁੱਖ ਜਿਨ੍ਹਾਂ ਹੇਠ ਗੁਰੂ ਨਾਨਕ ਦੇਵ ਜੀ
ਖਰਾ ਸੌਦਾ ਕਰਨ ਉੱਪ੍ਰੰਤ ਨਨਕਾਣਾ ਸਾਹਿਬ ਆ ਕੇ ਬੈਠੇ ਸਨ।
(28 ਮਈ 2024)




ਉਸਾਰੀ ਹੇਠ ਗੁਰਦੁਆਰਾ ਤੰਬੂ ਸਾਹਿਬ, ਸ੍ਰੀ ਨਨਕਾਣਾ ਸਾਹਿਬ

## ਦੁਕਾਨ ਪਾਉਣੀ

ਨਾਨਕ ਦੇਵ ਜੀ ਨੂੰ ਪਿਤਾ ਕਾਲੂ ਜੀ ਨੇ ਫਿਰ ਤੋਂ ਸਮਝਾ-ਬੁਝਾ ਕੇ ਕਿਹਾ- ਬੇਟਾ, ਮੇਰਾ ਇਹ ਮਤਲਬ ਨਹੀਂ ਹੈ ਕਿ ਤੂੰ ਸਾਰੇ ਰੁਪੈ ਇਕ ਵਾਰ ਪਰਮਾਰਥ ਦੇ ਲਈ ਲਗਾ ਦਿੱਤੇ ਹਨ। ਮੈਂ ਤਾਂ ਚਾਹੁੰਦਾ ਹਾਂ ਕਿ ਤੂੰ ਆਪਣੇ ਪੈਰਾਂ ਤੇ ਖਲੋਵੇਂ, ਤਾਂ ਕਿ ਤੇਰਾ ਵਿਆਹ ਕੀਤਾ ਜਾ ਸਕੇ, ਕਿਉਂਕਿ ਤੇਰੀ ਕੁੜਮਾਈ ਹੋਇਆਂ ਨੂੰ ਦੋ ਵਰੇ ਹੋਣ ਲੱਗੇ ਹਨ।

ਸੋਚ ਵਿਚਾਰ ਕਰਕੇ ਪਿਤਾ ਜੀ ਨੇ ਨਾਨਕ ਜੀ ਨੂੰ ਪਿੰਡ ਵਿੱਚ ਹੀ ਪੰਸਾਰੀ ਦੀ ਦੁਕਾਨ ਪਾ ਦਿੱਤੀ। ਕੁਝ ਦਿਨਾਂ ਵਿੱਚ ਹੀ ਨਾਨਕ ਦੇਵ ਜੀ ਦੇ ਮਿੱਠੇ ਵਿਹਾਰ ਨਾਲ ਦੁਕਾਨ ਚੱਲ ਪਈ। ਸਾਰਾ ਪ੍ਰਵਾਰ ਖੁਸ਼ ਹੋਇਆ।

## ਰਾਏ ਬੁਲਾਰ ਜੀ ਵਲੋਂ ਅਪਣੀ 750 ਮੁਰੱਬਾ ਭੂਮੀ ਗੁਰੂ ਜੀ ਦੇ ਨਾਮ ਕਰਨਾ

ਰਾਇ ਬੁਲਾਰ ਜੀ 40 ਕੁ ਸਾਲ ਦੇ ਹੋ ਗਏ ਸਨ। ਉਨ੍ਹਾਂ ਦੇ ਘਰ ਔਲਾਦ ਨਹੀਂ ਸੀ। ਉਹ 1500 ਮੁਰੱਬਾ ਜਮੀਨ ਦੇ ਕਲ-ਮੁਕਲੇ ਮਾਲਕ ਸਨ। ਇਕ ਦਿਨ ਨਾਨਕ ਜੀ ਨੂੰ ਖੇਤਾਂ ਵਿੱਚ ਮਿਲੇ। ਘੋੜੇ ਤੋਂ ਉੱਤਰ ਕੇ ਆਪਣੇ ਜੋੜੇ ਉਤਾਰ ਕੇ ਨਾਨਕ ਜੀ ਦੇ ਕੋਲ ਜਾ ਕੇ ਹੱਥ ਜੋੜ ਕੇ ਆਖਣ ਲੱਗੇ। **"ਬਾਬਾ, ਮੇਰੀ ਮੁਰਾਦ ਪੂਰੀ ਕਰੋ।"** ਨਾਨਕ ਜੀ ਨੇ ਅਸੀਸ ਦਿੱਤੀ, **"ਰਾਇ ਜੀ, ਤੁਸਾਂ ਦੀ ਮੁਰਾਦ ਪੂਰੀ ਹੋਈ ! ਵਹਿਮ ਨਹੀਂ ਕਰਨਾ।"**

ਠੀਕ ਇਕ ਸਾਲ ਹੋਣ ਉਪੰਤ ਰਾਇ ਬੁਲਾਰ ਜੀ ਦੇ ਘਰ ਪੁੱਤਰ ਜਨਮਿਆ। ਪੁੱਤਰ ਦੀ ਦਾਤ ਪ੍ਰਾਪਤ ਹੋਣ ਤੇ ਵੱਡਾ ਜਸ਼ਨ ਮਨਾਇਆ ਗਿਆ। ਇਸ ਜਸ਼ਨ ਵਿੱਚ ਨਵਾਬ ਦੌਲਤ ਖ਼ਾਨ ਲੋਧੀ ਵੀ ਸ਼ਾਮਲ ਹੋਇਆ। ਇਸ ਵੱਡੇ ਇਕੱਠ ਵਿੱਚ ਨਾਨਕ ਜੀ ਦਾ ਸ਼ੁਕਰਾਨਾ ਕਰਦਿਆਂ ਔਲਾਦ ਪ੍ਰਾਪਤੀ ਦੀ ਦੱਸ਼ਣਾ ਦੇ ਰੂਪ ਵਿੱਚ ਰਾਏ ਬੁਲਾਰ ਜੀ ਨੇ ਆਪਣੀ 750 ਮੁਰਬਾ ਭੂਮੀ ਬਾਬਾ ਨਾਨਕ ਜੀ ਦੇ ਨਾਮ ਇੰਤਕਾਲ ਕਰਨ ਦਾ ਐਲਾਨ ਕਰ ਦਿੱਤਾ।

ਨੋਟ: 750 ਮੁਰੱਬਾ ਜ਼ਮੀਨ ਦੀ ਮਾਲਕੀ ਅੱਜ ਵੀ ਰਿਕਾਰਡ ਅਨੁਸਾਰ ਬਾਬਾ ਨਾਨਕ ਜੀ ਦੇ ਨਾਮ ਹੈ। ਅੱਜ ਤੱਕ ਸ਼ਾਇਦ ਹੀ ਕਿਸੇ ਮਨੁੱਖ ਨੇ ਖੁੱਲ੍ਹ ਦਿਲੀ ਨਾਲ ਇਤਨਾ ਵੱਡਾ ਦਾਨ ਕੀਤਾ ਹੋਵੇਗਾ।

ਉੱਸੇ ਜ਼ਮੀਨ ਦੇ ਕੁਝ ਹਿੱਸੇ ਵਿੱਚ ਪਾਕਿਸਤਾਨ ਸਰਕਾਰ ਨੇ ਗੁਰੂ ਜੀ ਦੇ 550 ਵੇਂ ਪ੍ਰਕਾਸ਼ (2019 ਈਸਵੀ) ਨੂੰ ਸਮਰਪਿਤ, ਜਿੱਥੇ ਸ੍ਰੀ ਕਰਤਾਰ ਪੁਰ ਸਾਹਿਬ ਦੇ ਖੁਲ੍ਹੇ ਦਰਸ਼ਨ ਦੀਦਾਰਿਆਂ ਦਾ ਵੱਡਾ ਉਪਰਾਲਾ ਕੀਤਾ, ਉੱਥੇ ਸ੍ਰੀ ਨਨਕਾਣਾ ਸਾਹਿਬ ਵਿੱਖੇ ਬਾਬਾ ਗੁਰੂ ਨਾਨਕ ਇੰਟਰਨੈਸ਼ਨਲ ਯੂਨੀਵਰਸਟੀ ਦੀ ਸਥਾਪਨਾ ਵੀ ਕੀਤੀ। ਸਾਰੀ ਮਨੁੱਖਤਾ ਨੇ ਪਾਕਿਸਤਾਨ ਸਰਕਾਰ ਦੀ ਦਰਿਆ ਦਿਲੀ ਤੇ ਸੁਹਿਰਦਤਾ ਦਾ ਧੰਨਵਾਦ ਕੀਤਾ।

## ਨਾਨਕ ਜੀ ਦਾ ਵਿਆਹ


ਹੁਣ ਨਾਨਕ ਜੀ ਦੀ ਉਮਰ 18 ਸਾਲ ਦੀ ਹੋ ਗਈ ਸੀ। ਪਿਤਾ ਬਾਬਾ ਕਾਲੂ ਜੀ ਨੇ ਮੂਲਚੰਦ ਜੀ ਨੂੰ ਸੰਦੇਸ਼ ਭੇਜ ਕੇ ਵਿਆਹ ਦੀ ਮਿਤੀ ਤੈਅ ਕਰਵਾ ਲਈ।

ਵਿਆਹ ਪੱਕਾ ਹੁੰਦੇ ਹੀ ਤਲਵੰਡੀ ਵਿੱਚ ਬੇਬੇ ਨਾਨਕੀ ਜੀ ਸਹੇਲੀਆਂ ਨਾਲ ਬੈਠ ਕੇ ਵੀਰੇ ਦੀਆਂ ਘੋੜੀਆਂ ਗਾਉਣ ਲੱਗੇ। ਵਿਆਹ ਸੰਬੰਧੀ ਸਾਰੇ ਰੀਤੀ ਰਿਵਾਜ ਚਾਈਂ ਚਾਈਂ ਪੂਰੇ ਕੀਤੇ ਜਾਣ ਲੱਗੇ।

ਉੱਧਰ ਬਟਾਲੇ ਵਿੱਚ ਵੀ ਬਾਬਾ ਮੂਲਚੰਦ ਜੀ ਦੇ ਘਰ ਵਿਆਹ ਦੀਆਂ ਤਿਆਰੀਆਂ ਦੇ ਨਾਲ ਨਾਲ ਰਾਤ ਨੂੰ ਸੁਹਾਗ ਗਾਏ ਜਾਣ ਲੱਗੇ।

ਲਾਗੀਆਂ ਰਾਹੀਂ, ਸਾਹੇ ਚਿੱਠੀਆਂ ਦਾ ਆਦਾਨ ਪ੍ਰਦਾਨ ਹੋਣ ਲੱਗਾ। ਦੂਰ ਨੇੜੇ ਦੇ ਰਿਸ਼ਤੇਦਾਰਾਂ ਨੂੰ ਸੱਦੇ ਪੱਤਰ ਭੇਜੇ ਗਏ। ਜੰਞ ਨਾਲ ਜਾਣ ਵਾਲੇ ਖੁਸ਼ੀ ਖੁਸ਼ੀ ਵਿਆਹ ਦੇ ਗੀਤ ਗਾਉਣ ਲੱਗੇ।

ਸੰਮਤ 1544 ਬਿਕਰਮੀ (1487 ਈਸਵੀਂ) ਨੂੰ ਪੂਰੀ ਸ਼ਾਨੋ ਸ਼ੌਕਤ ਨਾਲ ਨਾਨਕ ਜੀ ਦੀ ਜੰਞ, ਮਿਥੇ ਸਮੇਂ ਤੇ ਬਟਾਲੇ ਨਗਰ ਵਿੱਚ ਜਾ ਢੁੱਕੀ। ਜੰਞ ਦਾ ਭਰਵਾਂ ਸੁਆਗਤ ਹੋਇਆ




**ਨਾਨਕ ਜੀ ਘੋੜੀ ਚੜ੍ਹੇ ਨਨਕਾਣਾ ਸਾਹਿਬ (ਪਾਕਿਸਤਾਨ)**

ਜਾਂਞੀਆਂ ਨੂੰ ਜਲਪਾਨ ਕਰਾ ਕੇ ਆਰਾਮ ਕਰਨ ਲਈ ਇਕ ਕੰਧ ਦੇ ਕੋਲ, ਦਰੀਆਂ ਉੱਪਰ ਚਦਰਾਂ ਵਿਛਾ ਕੇ ਬਿਠਾ ਦਿੱਤਾ ਗਿਆ। ਇਕ ਬਿਰਧ ਮਾਤਾ ਨੇ ਕੋਲੋਂ ਲੰਘਦਿਆਂ ਕਿਹਾ, **"ਇਹ ਕੰਧ ਕੱਚੀ ਹੈ, ਵੇਖਣਾ ਕਿਤੇ ਤੁਹਾਡੇ ਉੱਪਰ ਨਾ ਡਿੱਗ ਪਏ।"**



ਨਾਨਕ ਜੀ ਸਹਿ ਸੁਭਾਅ ਬੋਲੇ ! ਮਾਤਾ ਜੀ, **"ਇਹ ਕੰਧ ਕਦੇ ਵੀ ਨਹੀਂ ਡਿੱਗੇਗੀ।"** (**ਉਹ ਕੰਧ ਅੱਜ ਵੀ ਜਿਉਂ ਦੀ ਤਿਉਂ ਸੰਭਾਲੀ ਹੋਈ ਹੈ**)

ਵਿਆਹ ਦੀਆਂ ਸਾਰੀਆਂ ਰਸਮਾਂ ਰੀਤੀ ਰਿਵਾਜ ਅਨੁਸਾਰ ਭਲੀ ਭਾਤ ਸੰਪੂਰਨ ਹੋਈਆਂ। ਗੁਰੂ ਜੀ ਦੀ ਡੋਲੀ ਸਨਮਾਨ ਸਹਿਤ ਭਲੀ ਭਾਤ ਤਲਵੰਡੀ ਵਿੱਖੇ ਆ ਗਈ। ਮਾਤਾ ਜੀ, ਭੈਣ ਨਾਨਕੀ ਜੀ ਅਤੇ ਸਕੇ ਸਬੰਧੀਆਂ ਨੇ ਲਾੜੀ ਨੂੰ, ਪ੍ਰਚਲਤ ਸਨਮਾਨਿਤ ਰਸਮਾਂ ਸੰਪੰਨ ਕਰਕੇ, ਗ੍ਰਹਿ ਪ੍ਰਵੇਸ਼ ਕਰਾਇਆ।

ਅਗਲੇ ਦਿਨ ਲਾੜੀ ਆਪਣੇ ਪੇਕੇ ਘਰ, **'ਬਟਾਲੇ'** ਵਾਪਸ ਚਲੀ ਗਈ।

ਦੋਨਾਂ ਧਿਰਾਂ ਵਲੋਂ ਤੈਅ ਹੋਇਆ ਕਿ ਮੁਸਲਾਵਾ ਕੁਝ ਚਿਰ ਬਾਅਦ ਲਿਆਂਦਾ ਜਾਵੇਗਾ।



**ਨਾਨਕ ਦੇਵ ਜੀ ਦੇ ਵਿਆਹ ਦੀਆਂ ਰਸਮਾਂ (ਬਟਾਲਾ)**



ਗੁਰਦੁਆਰਾ ਕੰਧ ਸਾਹਿਬ ਜੀ, ਬਟਾਲਾ (ਪੰਜਾਬ)

## ਭਾਈ ਮਰਦਾਨਾ ਜੀ ਨਾਲ ਮਿਤ੍ਰਤਾ


ਕੀਰਤਨ ਦਾ ਆਨੰਦ ਮਾਣਦੇ ਹੋਏ, ਨਨਕਾਣਾ ਸਾਹਿਬ (ਪਾਕਿਸਤਾਨ)

ਤਲਵੰਡੀ ਵਿੱਖੇ, ਨਾਨਕ ਜੀ ਦੀ ਦੋਸਤੀ, ਜਾਤ ਦੇ ਮਿਰਾਸੀ ਮੁੰਡੇ, ਮਰਦਾਨੇ ਨਾਲ ਹੋ ਗਈ ਜੋ ਉਨ੍ਹਾਂ ਦੇ ਵਿਆਹ ਤੇ ਸਾਰੰਗੀ ਨਾਲ ਗਾ ਰਿਹਾ ਸੀ। ਇਹ ਜੁਆਨ ਨਾਨਕ ਜੀ ਤੋਂ **ਉਮਰ ਵਿੱਚ ਲਗਭਗ 6 ਸਾਲ ਵੱਡਾ ਸੀ।** ਮਰਦਾਨਾ, ਤੰਤੀ ਸਾਜ ਵਜਾ ਕੇ ਸ਼ਾਸਤਰੀ ਸੰਗੀਤ ਵਿੱਚ ਗਾਉਂਦਾ ਸੀ। ਉਹ ਹਰ ਰੋਜ ਅੰਮ੍ਰਿਤ ਵੇਲੇ ਨਾਨਕ ਜੀ ਦੇ ਕੋਲ ਆ ਜਾਂਦਾ। ਨਾਨਕ ਜੀ ਅਲਾਹੀ ਕੀਰਤਨ ਕਰਦੇ, ਮਰਦਾਨਾ ਸੰਗੀਤ ਦੀ ਬੰਦਿਸ਼ ਵਿੱਚ ਅਲਾਪ ਕਰਦਾ। ਸਾਰੇ ਸੰਗੀ ਸਾਥੀ ਹਰਿ-ਜਸ ਦਾ ਆਨੰਦ ਮਾਣਦੇ। ਹੌਲੇ-ਹੌਲੇ ਨਾਨਕ ਦੇਵ ਜੀ ਦੀ ਕੀਰਤਨ ਸਭਾ ਦਾ ਵਿਸਥਾਰ ਹੋਣ ਨਾਲ ਨਾਨਕ ਦੇਵ ਜੀ ਆਪਣੀ ਦੁਕਾਨ ਵਿੱਚ ਵਧੇਰਾ ਸਮਾਂ ਨਾ ਬੈਠ ਸਕਦੇ। ਨਾਨਕ ਜੀ ਆਪਣਾ ਜਿਆਦਾ ਸਮਾਂ ਭਜਨ-ਬੰਦਗੀ ਵਿੱਚ ਲਗਾਉਣ ਲੱਗੇ। ਦੁਕਾਨ ਤੇ ਨਾ ਬੈਠਣ ਕਰਕੇ ਵਿਕਰੀ ਘਟ ਗਈ। ਬਾਬਾ ਕਾਲੂ ਲਈ ਇਕ ਵਾਰ ਫਿਰ ਚਿੰਤਾ ਦਾ ਸਬੱਬ ਬਣ ਗਿਆ।

## ਮਾਤਾ ਤ੍ਰਿਪਤਾ ਜੀ ਦਾ ਸਮਝਾਉਣਾ

ਹੁਣ ਨਾਨਕ ਜੀ ਦੀ ਉਮਰ 20 ਵਰੇ ਹੋ ਗਈ ਸੀ। ਮਾਤਾ ਤ੍ਰਿਪਤਾ ਜੀ ਨਾਨਕ ਦੇਵ ਨੂੰ ਦੁਨੀਆਂਦਾਰੀ ਦੀਆਂ ਗੱਲਾਂ ਸਮਝਾਉਣ-ਵਿੱਚ ਲੱਗੇ ਰਹਿੰਦੇ ਕਿ ਪੁੱਤਰ, "ਪਿਤਾ ਜੀ ਦੇ ਆਖੇ ਅਨੁਸਾਰ ਕਾਰ-ਵਿਹਾਰ ਕਰੋ। ਕਿਉਂਕਿ ਤੂੰ ਆਪਣੇ ਪੈਰਾਂ ਤੇ ਖਲੋਣਾ ਹੈ। ਤੂੰ ਜਦੋਂ ਤੱਕ ਕਮਾਏਂਗਾ ਨਹੀਂ, ਤੇਰਾ ਮੁਕਲਾਵਾ ਕਿਸ ਤਰ੍ਹਾਂ ਲਿਆਵਾਂਗੇ। ਤੇਰੀ ਲਾੜ੍ਹੀ ਆਵੇਗੀ ਤਾਂ ਤੇਰੇ ਤੇ ਘਰ ਗ੍ਰਿਹਸਤੀ ਦਾ ਬੋਝ ਪਏਗਾ। ਅਸੀਂ ਤੈਨੂੰ ਭਜਨ-ਬੰਦਗੀ ਅਤੇ ਕੀਰਤਨ ਤੋਂ ਨਹੀਂ ਵਰਜਦੇ। ਜਿਦਾਂ ਤੇਰੀ ਮਰਜ਼ੀ ਹੈ ਕਰ ਪਰ ਆਪਣੇ ਗ੍ਰਿਸਤੀ ਜੀਵਨ ਦਾ ਵੀ ਪ੍ਰਬੰਧ ਕਰ। ਤੇਰੇ ਪਿਤਾ ਜੀ ਨੇ ਤਾਂ ਆਪਣਾ ਫਰਜ਼ ਪੂਰਾ ਕਰ ਦਿੱਤਾ ਹੈ। ਤੈਨੂੰ ਪੜ੍ਹਾ ਲਿਖਾ ਕੇ ਕੰਮ-ਕਾਰ ਦੇ ਲਈ ਵੀ ਕਈ ਮੋਕੇ ਦਿੱਤੇ ਹਨ। ਪਰ ਇਕ ਤੂੰ ਹੈਂ ਕਿ ਸਾਰਾ ਕੁਝ ਜਾਣਦੇ ਹੋਏ ਵੀ ਕਿਸੇ ਕੰਮ ਵਿੱਚ ਮਨ ਨਹੀਂ ਲਗਾਉਂਦਾ। ਤੈਨੂੰ ਆਪਣੀ ਗ੍ਰਿਸਤੀ ਦੀ ਜਿੰਮੇਵਾਰੀ ਤਾਂ ਆਪ ਹੀ ਨਿਭਾਉਣੀ ਪਏਗੀ।"

## ਸ਼ਾਂਤ ਚਿੱਤ ਰਹਿਣਾ

ਇਸ ਤਰ੍ਹਾਂ ਦੀਆਂ ਗੱਲਾਂ ਨਾਨਕ ਜੀ ਨਿਰੰਤਰ ਸੁਣਦੇ ਰਹਿੰਦੇ, ਪਰ ਸ਼ਾਂਤ ਅਤੇ ਸਹਜ ਵਿੱਚ ਬਣੇ ਰਹਿੰਦੇ, ਕਿਸੇ ਗੱਲ ਦਾ ਵਿਰੋਧ ਨ ਕਰਦੇ। ਪਿਤਾ ਜੀ ਇਸੇ ਕਰਕੇ ਅਸ਼ਾਂਤ ਰਹਿਣ ਲੱਗੇ। ਉਹ ਸੋਚਦੇ, ਜੇਕਰ ਨਾਨਕ ਨੂੰ ਸਾਧੂ ਸੰਤਾਂ ਅਤੇ ਇਨ੍ਹਾਂ ਕੀਰਤਨ ਮੰਡਲੀਆਂ ਤੋਂ ਹਟਾ ਲਿਆ ਜਾਏ ਤਾਂ ਨਾਨਕ ਫਿਰ ਤੋਂ ਆਪਣੀ ਦੁਕਾਨ ਵਿੱਚ ਧਿਆਨ ਦੇਵੇਗਾ। ਇਸ ਲਈ ਉਨ੍ਹਾਂ ਨੇ ਨਾਨਕ ਤੇ ਬੰਧਨ ਲਗਾ ਦਿੱਤਾ ਕਿ ਉਹ ਗਾਉਣ ਵਾਲੇ ਮਿਰਾਸੀ ਨਾਲ ਕੋਈ ਸੰਬੰਧ ਨਹੀਂ ਰੱਖੇਗਾ। ਬਿਨਾਂ ਕੰਮ ਤੋਂ ਕਿਤੇ ਦੂਰ-ਦੁਰਾਡੇ ਵੀ ਨਹੀਂ ਜਾਵੇਗਾ।

ਇਨ੍ਹਾਂ ਬੰਧਨਾਂ ਦੇ ਕਾਰਣ ਨਾਨਕ ਦੇਵ ਜੀ ਇਕ ਨਜ਼ਰਬੰਦ ਦੀ ਤਰਾਂ ਘਰ ਹੀ ਰਹਿਣ ਲੱਗੇ। ਇਕ ਆਗਿਆਕਾਰੀ ਪੁੱਤਰ ਹੋਣ ਦੇ ਨਾਤੇ ਕਿਸੇ ਗੱਲ ਦਾ ਵਿਰੋਧ ਵੀ ਨਾ ਕਰਦੇ। ਪਰ ਕੀਰਤਨ ਸਭਾ ਛੁੱਟ ਜਾਣ ਦੇ ਵਿਯੋਗ ਵਿੱਚ ਨਾ ਕੁਝ ਖਾਂਦੇ ਨਾ ਕੁਝ ਬੋਲਦੇ। ਮੌਨ ਧਾਰਣ ਕਰਕੇ ਬਿਸਤਰੇ ਤੇ ਲੇਟੇ ਰਹਿੰਦੇ। ਇਸ ਤਰ੍ਹਾਂ ਕੁਝ ਦਿਨ ਬੀਤ ਗਏ।

ਪਿਤਾ ਜੀ ਅਤੇ ਮਾਤਾ ਜੀ ਅਕਸਰ ਪੁੱਛਦੇ ਰਹਿੰਦੇ ਕਿ ਤੈਨੂੰ ਕੀ ਦੁੱਖ ਹੈ? ਕੁਝ ਦੱਸਦਾ ਕਿਉਂ ਨਹੀਂ? ਪਰ ਨਾਨਕ ਜੀ ਗੰਭੀਰ ਬਣੇ ਰਹਿੰਦੇ।

ਉਨ੍ਹਾਂ ਦੇ ਇਕਾਂਤਵਾਸ ਅਵਸਥਾ ਦੀ ਪੂਰੀ ਤਲਵੰਡੀ ਵਿੱਚ ਚਰਚਾ ਹੋਣ ਲੱਗੀ:- **"ਨਾਨਕ ਜੀ ਨਾ ਕੁਝ ਖਾਂਦੇ ਹਨ ਨਾ ਕਿਸੇ ਨਾਲ ਗਲ-ਬਾਤ ਕਰਦੇ ਹਨ 'ਬਸ ਬਿਸਤਰਾ ਮੱਲਿਆ ਹੋਇਆ ਹੈ।"** ਜਿੱਦਾਂ-ਜਿੱਦਾਂ ਇਹ ਖ਼ਬਰ ਫੈਲਣ ਲੱਗੀ, ਓਦਾਂ-ਓਦਾਂ ਲੋਕ ਨਾਨਕ ਦੇਵ ਜੀ ਦੀ ਖਬਰ ਸਾਰ ਲਈ ਆਉਣ ਲੱਗੇ ਕਿ ਨਾਨਕ ਜੀ ਨੂੰ ਕੀ ਹੋ ਗਿਆ ਹੈ?

ਨਾਨਕ ਦੇਵ ਜੀ ਕਿਸੇ ਨਾਲ ਵੀ ਗੱਲ ਨ ਕਰਦੇ, ਸਿਰਫ ਸ਼ਾਂਤ ਤੇ ਅਡੋਲ ਅਵਸਥਾ ਵਿੱਚ ਬੈਠੇ ਰਹਿੰਦੇ।

## ਵੈਦ, ਹਰਿਦਾਸ ਜੀ ਨੂੰ ਬੁਲਾਉਣਾ

ਕੁਝ ਲੋਕਾਂ ਨੇ ਬਾਬਾ ਕਾਲੂ ਜੀ ਨੂੰ ਸਲਾਹ ਦਿੱਤੀ ਕਿ ਆਪ ਮੁੰਡੇ ਨੂੰ ਕਿਸੇ ਵੈਦ ਨੂੰ ਵਿਖਾਓ। ਤਦ ਹਰਿਦਾਸ ਨਾਂ ਦੇ ਇਕ ਵੈਦ ਨੂੰ ਬੁਲਾ ਗਿਆ, ਜੋ ਬਹੁਤ ਅਨੁਭਵੀ ਅਤੇ ਯੋਗ ਮੰਨਿਆ ਜਾਂਦਾ ਸੀ।



ਜਦੋਂ ਵੈਦ ਨੇ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਤੁਸੀਂ ਕੀ ਵੇਖਣਾ ਚਾਹੁੰਦੇ ਹੋ? ਵੈਦ ਨੇ ਕਿਹਾ ਕਿ ਬੇਟਾ ਦਸੋ ਤੁਹਾਨੂੰ ਕੀ ਦੁੱਖ ਹੈ? ਨਾਨਕ ਜੀ ਨੇ ਕੋਈ ਉੱਤਰ ਨਾ ਦਿੱਤਾ, ਬਸ ਸ਼ਾਂਤ ਰਹੇ।

ਵੈਦ ਨੇ ਪੂਰੀ ਪਰਖ ਕੀਤੀ ਪਰ ਉਸ ਨੂੰ ਕੋਈ ਰੋਗ ਨਾ ਲਭਾ। ਵੈਦ ਜੀ ਕਹਿਣ ਲੱਗੇ ਮੇਰੀ ਸਮਝ ਵਿੱਚ ਤਾਂ ਤੂੰ ਬਿਲਕੁਲ ਨੌਂ-ਬਰ -ਨੌਂ ਹੈਂ। ਪਰ ਤੂੰ ਸਰੀਰ ਦਾ ਇਹ ਕੀ ਹਾਲ ਬਣਾ ਰੱਖਿਆ ਹੈ? ਅਸਲ ਵਿੱਚ ਗੱਲ ਕੀ ਹੈ?

ਨਾਨਕ ਜੀ ਨੇ ਇਹ ਅਲਾਹੀ ਸ਼ਬਦ ਉਚਾਰਣ ਕਰਦੇ ਹੋਏ ਆਪਣੇ ਮਨ ਦੀ ਹਾਲਤ ਬਿਆਨ ਕੀਤੀ-

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੨੭੯)

"ਦੁਖੁ ਵੇਛੋੜਾ ਇਕੁ ਦੁਖੁ ਭੂਖ ॥ਇਕੁ ਦੁਖੁ ਸਕਤਵਾਰ ਜਮਦੂਤ ॥ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥
ਵੈਦ ਨ ਭੋਲੇ ਦਾਰੂ ਲਾਇ ॥੧॥ਦਰਦੁ ਹੋਵੈ ਦੁਖੁ ਰਹੈ ਸਰੀਰ ॥ਐਸਾ ਦਾਰੂ ਲਗੈ ਨ ਬੀਰ ॥ਰਹਾਉ॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੨੫੬)

**ਨਾਨਕ ਜੀ, "ਮੈਨੂੰ ਤਾਂ ਕੋਈ ਸ਼ਰੀਰਕ ਦੁੱਖ ਨਹੀਂ ਹੈ, ਮੈਨੂੰ ਤਾਂ ਹਿਰਦੇ ਦੀ ਦਰਦ ਸਤਾ ਰਹੀ ਹੈ, ਕਿਉਂਕਿ ਮੈਨੂੰ ਹਰਿ ਜਸ ਦੀ ਭੁੱਖ ਹੈ, ਜੋ ਤ੍ਰਿਪਤ ਨਹੀਂ ਹੁੰਦੀ। ਇਸ ਲਈ ਮੈਂ ਆਪ ਜੀ ਨੂੰ ਸੁਯੋਗ ਵੈਦ ਤਾਂ ਮੰਨਾਂਗਾ ਜਦੋਂ ਅਸਲੀ ਦੁੱਖ ਪਹਿਚਾਣ ਕੇ ਕੋਈ ਇੱਦਾਂ ਦੀ ਦੁਆਈ ਲੱਭੋ ਜਿਸ ਨਾਲ ਮੇਰਾ ਮਾਨਸਿਕ ਰੋਗ ਖਤਮ ਹੋ ਜਾਵੇ।"**

ਵੈਦ ਜੀ ਨੇ ਬਾਬਾ ਕਾਲੂ ਜੀ ਨੂੰ ਕਿਹਾ ਕਿ ਤੁਸਾਂ ਦੇ ਬੇਟੇ ਨੂੰ ਕੋਈ ਸ਼੍ਰੀਰਕ ਰੋਗ ਤਾਂ ਹੈ ਨਹੀਂ। ਇਸ ਲਈ ਮੈਂ ਇਸ ਦਾ ਕੀ ਇਲਾਜ ਕਰਾਂ? ਇਸ ਨੂੰ ਤਾਂ ਮਾਨਸਿਕ ਰੋਗ ਹੈ। ਜਿਸ ਦਾ ਇਕ ਮਾਤਰ ਇਲਾਜ ਇਹ ਹੈ ਕਿ ਇਸ ਨੂੰ ਖੁਸ਼ ਰੱਖੋ। ਜਿਸ ਤਰ੍ਹਾਂ ਇਹ ਚਾਹੁੰਦਾ ਹੈ ਉੱਦਾਂ ਹੀ ਕਰਨ ਦਿਓ। ਇਸ ਤੇ ਕਿਸੇ ਤਰ੍ਹਾਂ ਦੀ ਪਾਬੰਦੀ ਨਾ ਲਗਾਓ, ਨਹੀਂ ਤਾਂ ਮੁੰਡਾ ਹੱਥੋਂ ਗੁਆ ਬੈਠੋਗੇ। ਤਦ ਬਾਬਾ ਕਾਲੂ ਜੀ ਗਹਿਰੀਆਂ ਸੋਚਾਂ ਵਿੱਚ ਪੈ ਗਏ।

ਉੱਧਰ ਨਾਨਕ ਜੀ ਦੀ ਖ਼ਬਰ ਰਾਏ ਜੀ ਨੂੰ ਮਿਲੀ ਤਾਂ ਉਹ ਆਪ ਨਾਨਕ ਜੀ ਨੂੰ ਮਿਲਨ ਆਏ। ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗਿਆ ਕਿ ਵੈਦ ਨੇ ਸਿਰਫ ਖੁਸ਼ ਰੱਖਣ ਦੀ ਸਲਾਹ ਦਿੱਤੀ ਹੈ। ਕਿਉਂਕਿ ਨਾਨਕ ਨੂੰ ਕੋਈ ਸ਼੍ਰੀਰਕ ਰੋਗ ਵਿਖਾਈ ਨਹੀਂ ਦਿੱਤਾ। ਤਦ ਉਹ ਕਾਲੂ ਜੀ ਤੇ ਬਹੁਤ ਨਾਰਾਜ਼ ਹੋਏ ਕਿ ਤੂੰ ਆਪ ਹੀ ਇਨ੍ਹਾਂ ਹਲਾਤਾਂ ਲਈ ਜਿੰਮੇਵਾਰ ਹੈਂ। ਤੈਨੂੰ ਤਾਂ ਧਨ ਚਾਹੀਦਾ ਹੈ। ਮੁੰਡੇ ਦੀ ਖੁਸ਼ੀ ਨਹੀਂ। ਮੈਂ ਪਹਿਲਾਂ ਵੀ ਤੈਨੂੰ ਕਈ ਵਾਰ ਕਿਹਾ ਹੈ ਕਿ ਤੈਨੂੰ ਜਿਨਾਂ ਧਨ ਚਾਹੀਦਾ ਹੈ ਮੇਰੇ ਕੋਲੋਂ ਲੈ -ਲੈ। ਪਰ ਨਾਨਕ ਦੇਵ ਜੀ ਦੇ ਕਿਸੇ ਵੀ ਕੰਮ ਵਿੱਚ ਅੜਿੱਕਾ ਨਾ ਬਣ।

**ਬਾਬਾ ਕਾਲੂ ਜੀ:-** "ਰਾਏ ਸਾਹਿਬ ਜੀ, ਗੱਲ ਇਹ ਹੈ ਕਿ ਨਾਨਕ ਦਾ ਹੁਣ ਮੁਕਲਾਵਾ ਲਿਆਉਣਾ ਹੈ। ਉਸ ਤੋਂ ਪਹਿਲਾਂ ਮੈਂ ਇਸ ਨੂੰ ਆਪਣੇ ਪੈਰਾਂ ਸਿਰ ਖੜਾ ਵੇਖਣਾ ਚਾਹੁੰਦਾ ਹਾਂ ਦੂਜੀ ਗੱਲ ਇਹ ਹੈ ਕਿ ਇਹ ਹੁਣ ਕਿਸੇ ਵੀ ਕੰਮ ਵਿੱਚ ਮਨ ਨਹੀਂ ਲਗਾਉਂਦਾ। ਜਿਸ ਤਰ੍ਹਾਂ ਕਿ ਤੁਸੀਂ ਜਾਣਦੇ ਹੋ, ਪਹਿਲਾਂ ਮੱਝਾਂ ਚਾਰਣ ਗਿਆ ਤਾਂ ਉਲਾਮੇ ਆਉਣ ਲੱਗੇ। ਜੇਕਰ ਖੇਤੀ-ਬਾੜੀ ਦਾ ਕੰਮ ਕੀਤਾ। ਪਹਿਲੇ ਸਾਲ ਤਾਂ ਖੇਤੀ ਫਲੀ-ਫੁੱਲੀ। ਦੂਜੇ ਸਾਲ ਕੰਮ ਵਿੱਚ ਧਿਆਨ ਨਹੀਂ ਦਿੱਤਾ। ਬੱਸ ਸਾਧੂ ਸੰਨਿਆਸੀਆਂ ਦੀ ਸੰਗਤ ਕਰਦਾ ਰਿਹਾ। ਮੈਂ ਸੋਚਿਆ ਵਪਾਰ ਕਰਨਾ ਹੀ ਸਿੱਖੇ। ਓਥੇ ਵੀ ਪਹਿਲੀ ਵਾਰ ਤਾਂ ਸਾਰਾ ਧਨ-ਜਾਣ ਬੁੱਝ ਕੇ ਪਰਮਾਰਥ ਵਿੱਚ ਲਗਾ ਆਇਆ। ਉਲਟਾ ਮੈਨੂੰ ਸਿਖਾਉਂਦਾ ਹੈ ਕਿ ਤੁਸਾਂ ਨੇ ਹੀ ਖਰਾ ਸੌਦਾ ਕਰਨ ਨੂੰ ਆਖਿਆ ਸੀ। ਦੁਕਾਨ ਪਾ ਕੇ ਦਿੱਤੀ। ਕੁਝ ਦਿਨ ਸਭ ਠੀਕ ਠਾਕ ਰਿਹਾ, ਕੁਝ ਮੁਨਾਫਾ ਵੀ ਵਿਖਾਈ ਦਿੰਦਾ ਸੀ, ਪਰ ਜਦੋਂ ਦਾ ਇਸ ਨੇ ਉਸ ਮਿਰਾਸੀ ਨੂੰ ਆਪਣਾ ਮਿੱਤਰ ਬਣਾਇਆ ਹੈ। ਉਸ ਦਿਨ ਤੋਂ ਕਿਸੇ ਕੰਮ ਵਿੱਚ ਧਿਆਨ ਹੀ ਨਹੀਂ ਦਿੰਦਾ।

ਪਹਿਲਾਂ ਤਾਂ ਸਾਨੂੰ ਬੁਰਾ ਨਹੀਂ ਲੱਗਾ। ਪਰ ਹੁਣ ਇਨ੍ਹਾਂ ਮੁੰਡਿਆਂ ਨੇ ਕੀਰਤਨ ਸਭਾ ਬਣਾ ਲਈ ਹੈ। ਹਰ ਵੇਲੇ ਰਿਆਜ਼ ਦੇ ਨਾਂ ਤੇ ਗਾਉਂਦੇ ਹੀ ਰਹਿੰਦੇ ਹਨ। ਮੈਂ, ਇਸ ਦੇ ਜਨੂੰਨ ਤੋਂ ਤੰਗ ਆ ਕੇ ਇਸ ਨੂੰ ਉਨ੍ਹਾਂ ਨਾਲ ਮਿਲਣ-ਜੁਲਣ ਤੋਂ ਰੋਕਿਆ ਹੈ।" ਪ੍ਰਭੂ ਦਾ ਨਾਮ ਜਪਣਾ ਕੋਈ ਮਾੜੀ ਗੱਲ ਨਹੀਂ ਪਰ ਸੰਸਾਰੀ ਕਾਰਵਿਹਾਰ ਵੀ ਕਰਨਾ ਜ਼ਰੂਰੀ ਹੁੰਦਾ ਹੈ। ਦੁਨੀਆਂਦਾਰੀ ਵੀ ਰੱਖਣੀ ਪੈਂਦੀ ਹੈ।

**ਰਾਏ ਬੁਲਾਰ ਜੀ,-** "ਫਿਰ ਵੇਖ ਲਿਆ ਈ ਨਾ, ਆਪਣੀ ਰੋਕ-ਟੋਕ ਦਾ ਨਤੀਜਾ? ਮੇਰਾ ਵੱਸ ਚੱਲੇ ਤਾਂ ਇਸਨੂੰ ਤੇਰੇ ਤੋਂ ਕਿਤੇ ਦੂਰ ਭੇਜ ਦੇਵਾਂ। ਜਿਸ ਨਾਲ ਇਸ ਨੂੰ ਪੂਰਨ ਆਜ਼ਾਦੀ ਮਿਲੇ ਅਤੇ ਆਪਣੀ ਮਨਸ਼ਾ ਅਨੁਸਾਰ ਕੰਮ ਕਾਰ ਕਰੇ।"

**ਬਾਬਾ ਕਾਲੂ ਜੀ-** ਮੈਂ ਤਾਂ ਇਸ ਦੇ ਭਲੇ ਦੀ ਹੀ ਸੋਚਦਾ ਹਾਂ, ਪਰ ਮੈਨੂੰ ਕੀ ਪਤਾ ਸੀ ਕਿ ਇਹ ਉਸ ਮਿਰਾਸੀ ਮੁੰਡੇ ਲਈ ਇਤਨਾ ਵਿਆਕੁਲ ਹੋ ਜਾਏਗਾ ਕਿ ਕਿਸੇ ਗੱਲ ਦੀ ਸੁੱਧ-ਬੁੱਧ ਹੀ ਨਹੀਂ ਰਹੇਗੀ। ਖੈਰ... ਤੁਸੀਂ ਜਿੱਦਾਂ ਚਾਹੋ ਨਾਨਕ ਲਈ ਕਰੋ। ਮੇਰੇ ਵਿਚਾਰ ਨਾਲ ਤਾਂ ਆਪ ਇਸ ਨੂੰ ਕੋਈ ਸਰਕਾਰੀ ਨੌਕਰੀ ਦੁਆ ਦਿਓ ਤਾਂ ਸ਼ਾਇਦ ਗੱਲ ਬਣ ਜਾਵੇ।

**ਰਾਏ ਬੁਲਾਰ ਜੀ** – ਹਾਂ, ਤੂੰ ਠੀਕ ਕਹਿ ਰਿਹਾ ਹੈਂ। ਮੈਂ ਇਸ ਨੂੰ ਸਰਕਾਰੀ ਨੌਕਰੀ ਦੁਆਉਣ ਦੀ ਕੋਸ਼ਿਸ਼ ਕਰ ਵੇਖਦਾ ਹਾਂ। ਇਸ ਤਰ੍ਹਾਂ ਤੇਰੇ ਮਨ ਨੂੰ ਵੀ ਸ਼ਾਂਤੀ ਮਿਲੇਗੀ ਅਤੇ ਨਾਨਕ ਜੀ ਵੀ ਖੁਸ਼ ਰਹਿਣਗੇ।

ਉਨ੍ਹਾਂ ਦਿਨਾਂ ਵਿੱਚ ਨਾਨਕ ਜੀ ਦਾ ਜੀਜਾ, ਜੈਰਾਮ ਆਪਣੀ ਸੁਪਤਨੀ ਨਾਨਕੀ ਨਾਲ ਆਪਣੇ ਸੌਹਰੇ ਘਰ ਤਲਵੰਡੀ ਆਇਆ ਹੋਇਆ ਸੀ। ਜਦੋਂ ਉਹ ਰਾਏ ਬੁਲਾਰ ਜੀ ਨੂੰ ਮਿਲਣ ਗਿਆ ਤਾਂ ਉਨ੍ਹਾਂ ਨੇ ਜੈਰਾਮ ਨੂੰ ਸਲਾਹ ਦਿੱਤੀ ਕਿ ਉਹ ਨਾਨਕ ਜੀ ਨੂੰ ਆਪਣੇ ਨਾਲ ਲੈ ਜਾਏ। ਉੱਥੇ ਸੁਲਤਾਨਪੁਰ ਵਿੱਚ ਕੋਸ਼ਿਸ਼ ਕਰਕੇ ਇਸ ਨੂੰ ਕਿਸੇ ਕੰਮ ਤੇ ਲਗਵਾ ਦੇਵੇ। ਵੈਸੇ ਮੈਂ ਆਪਣੇ **ਜੀਜੇ ਦੌਲਤ ਖਾਂ** ਨੂੰ ਚਿੱਠੀ ਲਿਖ ਦੇਂਦਾ ਹਾਂ। ਜੋ ਉਸ ਸਮੇਂ ਪੰਜਾਬ ਦਾ ਗਵਰਨਰ ਸੁਲਤਾਨਪੁਰ ਲੋਧੀ ਰਹਿੰਦਾ ਸੀ।

ਜੈਰਾਮ ਜੀ ਨੂੰ ਵੀ ਇਹ ਸੁਝਾ ਬਹੁਤ ਚੰਗਾ ਲੱਗਾ। ਉਸ ਨੇ ਘਰ ਜਾ ਕੇ ਸਭ ਨੂੰ ਦਸਿਆ ਤਾਂ ਸਾਰੇ ਸਹਿਮਤ ਹੋ ਗਏ। ਨਾਨਕ ਜੀ ਸੁਲਤਾਨਪੁਰ ਜਾਣ ਲਈ ਤਿਆਰੀ ਕਰਨ ਲੱਗੇ। ਬੇਬੇ ਨਾਨਕੀ ਜੀ ਨੂੰ ਚਾਅ ਚੜ੍ਹ ਗਿਆ ਕਿ ਹੁਣ ਉਸ ਦਾ ਪਿਆਰਾ ਵੀਰ ਉਸ ਦੇ ਕੋਲ ਸੁਲਤਾਨਪੁਰ ਹੀ ਰਹੇਗਾ। ਤਿਆਰੀਆਂ ਆਰੰਭ ਹੋ ਗਈਆਂ।


ਦੋ ਦਿਨ ਬਾਅਦ ਨਾਨਕ ਜੀ ਆਪਣੇ ਭੈਣ ਜੀ ਅਤੇ ਜੀਜਾ ਜੀ ਨਾਲ ਤਲੰਵਡੀ ਤੋਂ ਲੋੜੀਂਦੀਆਂ ਅਸਵਾਰੀਆਂ ਰਾਹੀਂ, ਰਸਤੇ ਵਿੱਚ ਆਪਣੀ ਮਾਸੀ ਜੀ ਦੇ ਪਿੰਡ, **ਕਾਲੂਖਾਰਾ**, ਨਾਨਕਾ ਪਿੰਡ, **ਚਾਹਲ** ਅਤੇ ਦਾਦਕਾ ਪਿੰਡ, **ਭਿੱਟ ਵਿਢ ਭੈਣੀ,** ਵਿੱਚ ਰੁਕਦੇ ਹੋਏ ਸੁਲਤਾਨਪੁਰ ਲੋਧੀ ਪਹੁੰਚ ਗਏ।

ਰਸਤੇ ਵਿੱਚ ਭੈਣ ਭਰਾ ਅਧਿਆਤਮਿਕ ਰਮਜ਼ਾਂ ਇਕ ਦੂਜੇ ਨਾਲ ਸਾਂਝੀਆਂ ਕਰਦੇ ਗਏ। ਜਿਸ ਸਦਕਾ ਲੰਮੇ ਸਫਰ ਵਿੱਚ ਥਕਾਵਟ ਵੀ ਨਹੀਂ ਹੋਈ। ਨਾਨਕ ਜੀ ਸੁਲਤਾਨਪੁਰ ਪਹੁੰਚ ਕੇ ਬੇਬੇ ਨਾਨਕੀ ਜੀ ਦਾ ਘਰ ਵੇਖ ਕੇ ਅਤੀ ਪ੍ਰਸੰਨ ਹੋਏ।

**A MODEL**
**BABA GURU NANAK, INTERNATIONAL UNIVERSITY**
**NANKANA SAHIB (Under Construction)**



**ਨੋਟ:- ਗੁਰੂ ਜੀ ਜਦੋਂ-ਜਦੋਂ ਵੀ ਸੁਲਤਾਨਪੁਰ ਲੋਧੀ ਤੋਂ ਤਲਵੰਡੀ ਜਾਂਦੇ ਤਾਂ ਦਾਦਕੇ, ਨਾਨਕੇ ਅਤੇ ਮਾਸੀ ਜੀ ਨੂੰ ਮਿਲ ਕੇ ਜਾਂਦੇ।**



Village- Kalukhara (Baba Ram Thaman, Dist. Kasure) ਮਾਸੀ ਦਾ ਪਿੰਡ



Village- Chahal (Near Jahman/Khalra, Pakistan) ਨਾਨਕਾ ਪਿੰਡ



Village- Bhitte Widh Bhaeni (Near Goindwal) ਦਾਦਕਾ ਪਿੰਡ